ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਹਫਤਾਵਾਰੀ
ਪੰਜਾਬੀ ਖੇਤੀਬਾੜੀ ਅਖਬਾਰ
Rs.10/-
www.khetiduniyan.in
Postage Regd. No. PB/PTA/0338/2025-2027
Editor : Jagpreet Singh • RNI 42269/83 (PUNPUN00806) • Issue Dated 18-07-2026 • Vol.44 No.29 • M. 90410-14575 • Page 16
E-mail : khetiduniyan1983@gmail.com

ਝੋਨੇ ਦੇ ਚਿੱਟੀ ਪਿੱਠ ਵਾਲੇ ਟਿੱਡੇ ਦੇ ਹਮਲੇ ਤੋਂ ਰਹੋ ਸੁਚੇਤ

ਰੁਬਲਜੋਤ ਕੂੰਨਰ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ
ਮੋਬਾਇਲ : 98761-71603

ਪੰਜਾਬ ਵਿੱਚ ਚਿੱਟੀ ਪਿੱਠ ਵਾਲਾ ਟਿੱਡਾ ਅਤੇ ਭੂਰਾ ਟਿੱਡਾ ਦੋਵੇਂ ਹੀ ਝੋਨੇ ਦੀ ਫ਼ਸਲ ਦਾ ਨੁਕਸਾਨ ਕਰਦੇ ਹਨ। ਬੱਚੇ ਅਤੇ ਬਾਲਗ ਟਿੱਡੇ ਜੁਲਾਈ ਤੋਂ ਅਕਤੂਬਰ ਤੱਕ ਬੂਟਿਆਂ ਦਾ ਰਸ ਚੂਸਦੇ ਹਨ। ਪਿਛਲੇ ਕੁਝ ਕੁ ਸਾਲਾਂ ਤੋਂ ਝੋਨੇ ਵਿੱਚ ਬੂਟਿਆਂ ਦੇ ਮਧਰੇਪਣ ਦੀ ਸਮੱਸਿਆ ਆ ਰਹੀ ਹੈ ਜੋ ਕਿ ਇੱਕ ਵਿਸ਼ਾਣੂੰ ਰੋਗ ਹੈ ਜਿਸ ਨੂੰ ਇਹ ਚਿੱਟੀ ਪਿੱਠ ਵਾਲਾ ਟਿੱਡਾ ਫੈਲਾਉਂਦਾ ਹੈ। ਆਮ ਤੌਰ ਤੇ ਇਨ੍ਹਾਂ ਟਿੱਡਿਆਂ ਦੀ ਆਮਦ ਪਨੀਰੀ ਵਿੱਚ ਅਤੇ ਪਨੀਰੀ ਨੂੰ ਪੁੱਟ ਕੇ ਖੇਤ ਵਿੱਚ ਲਾਉਣ ਤੋਂ ਤਕਰੀਬਨ ਮਹੀਨਾ ਕੁ ਪਿੱਛੋਂ ਹੁੰਦੀ ਹੈ। ਝੋਨੇ ਦੇ ਮਧਰੇਪਣ ਦੀ ਸਮੱਸਿਆ ਦੀ ਸ਼ੁਰੂਆਤੀ ਲਾਗ ਨੂੰ ਅਤੇ ਬਾਅਦ ਵਿੱਚ ਫੈਲਾਅ ਨੂੰ ਰੋਕਣ ਲਈ ਇਸ ਚਿੱਟੀ ਪਿੱਠ ਵਾਲੇ ਟਿੱਡੇ ਦੀ ਸਹੀ ਪਹਿਚਾਣ ਅਤੇ ਰੋਕਥਾਮ ਅਤਿ ਜ਼ਰੂਰੀ ਹੈ।

ਪਹਿਚਾਣ : ਇਸ ਕੀੜੇ ਦੇ ਨਵੇਂ ਨਿਕਲੇ ਬੱਚੇ (ਨਿੰਫ) ਸਲੇਟੀ ਚਿੱਟੇ ਰੰਗ ਦੇ ਹੁੰਦੇ ਹਨ, ਜਿਹੜੇ ਬਾਅਦ ਵਿੱਚ ਗੂੜੇ ਸਲੇਟੀ ਰੰਗ ਦੇ ਹੋ ਜਾਂਦੇ ਹਨ। ਇਸ ਦੇ ਬਾਲਗ ਦੀ ਪਿੱਠ ਤੇ ਬਰੀਕ ਚਿੱਟੀ ਪੱਟੀ ਹੁੰਦੀ ਹੈ, ਜੋ ਕਿ ਇਨ੍ਹਾਂ ਦੇ ਉੱਪਰਲੇ ਪਾਸੇ ਦਿਖਾਈ ਦਿੰਦੀ ਹੈ ਅਤੇ ਇੱਕ ਕਾਲਾ ਧੱਬਾ ਅਗਲੇ ਖੰਭਾਂ ਦੇ ਪਿਛਲੇ ਪਾਸੇ ਦੇ ਵਿਚਕਾਰ ਦਿਖਾਈ ਦਿੰਦਾ ਹੈ।

ਸਰਵੇਖਣ : ਪਨੀਰੀ ਅਤੇ ਖੇਤਾਂ ਵਿੱਚ ਇਸ ਕੀੜੇ ਦੇ ਸਰਵੇਖਣ ਲਈ ਕੁਝ ਕੁ ਬੂਟਿਆਂ ਨੂੰ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜੋ। ਜੇਕਰ ਇਸਦੇ ਨਿੰਫ ਜਾਂ ਬਾਲਗ ਟਿੱਡੇ ਹੇਠਾਂ ਡਿੱਗੇ ਜਾਂ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ ਫ਼ਸਲ ਉੱਤੇ ਸਿਫ਼ਾਰਸ਼ ਕੀਟਨਾਸ਼ਕ ਦੀ ਵਰਤੋਂ ਕਰੋ। ਟਿੱਡੇ ਦੀ ਆਮਦ ਦੇਖਣ ਲਈ ਰਾਤ ਨੂੰ ਪਨੀਰੀ/ਖੇਤ ਨੇੜੇ ਬਲੱਬ ਜਗਾ ਕੇ ਰੱਖੋ ਕਿਉਂਕਿ ਇਹ ਕੀੜਾ ਰੋਸ਼ਨੀ ਵੱਲ ਆਕਰਸ਼ਿਤ ਹੁੰਦਾ ਹੈ।

ਰੋਕਥਾਮ ਦੇ ਆਮ ਢੰਗ

★ **ਖਾਦਾਂ ਦੀ ਸਹੀ ਵਰਤੋਂ** : ਵੱਧ ਨਾਈਟ੍ਰੋਜਨ ਖਾਦ ਪਾਉਣ ਨਾਲ ਬੂਟਿਆਂ ਦੇ ਟਿੱਡਿਆਂ ਦਾ ਹਮਲਾ ਵਧੇਰੇ ਹੁੰਦਾ ਹੈ, ਇਸ ਲਈ ਖਾਦਾਂ ਦੀ ਵਰਤੋਂ ਸਿਫ਼ਾਰਿਸ਼ ਅਨੁਸਾਰ ਹੀ ਕਰੋ।

★ **ਖੜ੍ਹੀ ਫ਼ਸਲ ਨੂੰ ਪਾਣੀ ਦੇਣ ਵਾਸਤੇ ਵਿਉਂਤਬੰਦੀ** : ਪਨੀਰੀ ਲਾਉਣ ਪਿੱਛੋਂ 2 ਹਫ਼ਤੇ ਤੱਕ ਪਾਣੀ ਖੇਤ ਵਿੱਚ ਖੜ੍ਹਾ ਰੱਖਣਾ ਜ਼ਰੂਰੀ ਹੈ। ਇਸ ਪਿੱਛੋਂ ਪਾਣੀ ਉਸ ਵੇਲੇ ਦਿਓ ਜਦੋਂ ਖੇਤ ਵਿੱਚੋਂ ਪਾਣੀ ਜ਼ਜ਼ਬ ਹੋਏ ਨੂੰ 2 ਦਿਨ ਹੋ ਗਏ ਹੋਣ। ਅਜਿਹਾ ਕਰਨ ਨਾਲ ਨਾ ਕੇਵਲ ਇਨ੍ਹਾਂ ਟਿੱਡਿਆਂ ਦਾ ਹਮਲਾ ਘੱਟ ਹੁੰਦਾ ਹੈ ਸਗੋਂ ਪਾਣੀ ਦੀ ਵੀ ਬੱਚਤ ਹੁੰਦੀ ਹੈ।

ਰਸਾਇਣਿਕ ਰੋਕਥਾਮ : ਟਿੱਡੇ ਦੀ ਆਮਦ ਨਜ਼ਰ ਆਉਣ ਤੇ ਹੀ ਕਿਸੇ ਇੱਕ ਕੀਟਨਾਸ਼ਕ ਜਿਵੇਂ ਕਿ 60 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨੀਕਾਮਿਡ) ਜਾਂ 80 ਗ੍ਰਾਮ ਟੋਕਨ / ਓਸ਼ੀਨ / ਡੋਮੀਨੈਂਟ 20 ਐਸ ਸੀ (ਡਾਇਨੋਟੈਫੂਰਾਨ) ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ (ਪਾਈਮੈਟਰੋਜ਼ਿਨ) ਜਾਂ 94 ਮਿਲੀਲਿਟਰ ਪੈਕਸਾਲੋਨ 10 ਐਸ ਸੀ (ਟਰਾਈਫਲੂਮੀਜ਼ੋਪਾਇਰਿਮ) ਜਾਂ 400 ਮਿਲੀਲਿਟਰ ਆਰਕੈਸਟਰਾ 10 ਐਸ ਸੀ (ਬੈਂਜ਼ਪਾਈਰੀਮੌਕਸਾਨ) ਜਾਂ 300 ਮਿਲੀਲਿਟਰ ਇਮੇਜ਼ਿਨ/ਵਿਓਲਾ 10 ਐਸ ਸੀ (ਫਲੂਪਾਈਰੀਮਿਨ) ਜਾਂ 800 ਮਿਲੀਲਿਟਰ ਐਕਾਲਕਸ/ਕੁਇਨਗਾਰਡ/ਕੁਇਨਲਮਾਸ 25 ਈ ਸੀ (ਕੁਇਨਲਫਾਸ) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

ਚਿਤਾਵਨੀਆਂ

★ ਛਿੜਕਾਅ ਕਰਨ ਵੇਲੇ ਪੰਪ ਦੇ ਫ਼ੁਹਾਰੇ ਦਾ ਰੁਖ ਬੂਟਿਆਂ ਦੇ ਮੁੱਢਾਂ ਵੱਲ ਰੱਖੋ ਤਾਂ ਜੋ ਛਿੜਕਾਅ ਬੂਟਿਆਂ ਦੇ ਮੁੱਢਾਂ ਤੇ ਜ਼ਰੂਰ ਪਵੇ ਜਿੱਥੇ ਇਹ ਕੀੜੇ ਵਧੇਰੇ ਹੁੰਦੇ ਹਨ।

★ ਜੇ ਕੀੜੇ ਦਾ ਹਮਲਾ ਧੌੜੀਆਂ/ਧੌੜੀਆਂ ਵਿੱਚ ਹੋਵੇ ਤਾਂ ਕੀਟਨਾਸ਼ਕ ਦਾ ਛਿੜਕਾਅ ਸਾਰੇ ਖੇਤ ਦੀ ਬਜਾਏ ਅਜਿਹੀਆਂ ਧੌੜੀਆਂ/ਧੌੜੀਆਂ ਉੱਪਰ ਅਤੇ ਇਨ੍ਹਾਂ ਦੇ ਆਲੇ-ਦੁਆਲੇ 3-4 ਮੀਟਰ ਦੇ ਘੇਰੇ ਅੰਦਰ ਆਉਂਦੇ ਤੰਦਰੁਸਤ ਬੂਟਿਆਂ ਤੇ ਹੀ ਕਰੋ ਕਿਉਂਕਿ ਟਿੱਡਿਆਂ ਦੀ ਜ਼ਿਆਦਾ ਗਿਣਤੀ ਇਨ੍ਹਾਂ ਥਾਵਾਂ ਤੇ ਹੀ ਹੁੰਦੀ ਹੈ।

ਕੰਢੀ ਇਲਾਕੇ ਵਿੱਚ ਖੇਤੀ ਭਿੰਨਤਾ ਤੇ ਨਵੀਆਂ ਸੰਭਾਵਨਾਵਾਂ

ਡਾ. ਮਨਮੋਹਨਜੀਤ ਸਿੰਘ, ਡਾ. ਸਰਵਣ ਕੁਮਾਰ, ਪੀ. ਏ. ਯੂ., ਲੁਧਿਆਣਾ

ਪੰਜਾਬ ਦਾ ਜੰਗਲਾਂ ਅਧੀਨ ਰਕਬਾ ਸਭ ਤੋਂ ਜ਼ਿਆਦਾ ਕੰਢੀ ਖੇਤਰ ਵਿੱਚ ਹੈ। ਇਸ ਇਲਾਕੇ ਦੇ ਛੋਟੇ ਕਿਸਾਨ ਖੇਤੀ ਵਿੱਚ ਪਹਿਲਾਂ ਹੀ ਖੇਤੀ ਭਿੰਨਤਾ ਰੱਖਦੇ ਹਨ ਪਰ ਹੁਣ ਇਸ ਭਿੰਨਤਾ ਨੂੰ ਵਧਾਉਣ ਦੀਆਂ ਅਨੇਕਾਂ ਹੋਰ ਸੰਭਾਵਨਾਵਾਂ ਹਨ।

ਪੰਜਾਬ ਦਾ ਕੰਢੀ ਦਾ ਇਲਾਕਾ ਪਠਾਨਕੋਟ ਤੋਂ ਲੈ ਕੇ ਮੋਹਾਲੀ ਤੱਕ 5 ਜ਼ਿਲ੍ਹਿਆਂ ਵਿੱਚ ਫੈਲਿਆ ਹੋਇਆ ਹੈ ਅਤੇ ਪੰਜਾਬ ਦਾ ਲਗਭਗ 10 ਫ਼ੀਸਦੀ ਰਕਬਾ ਬਣਦਾ ਹੈ। ਇਹ ਹਿਮਾਚਲ ਦੀਆਂ ਪਹਾੜੀਆਂ ਅਤੇ ਪੰਜਾਬ ਦੇ ਪੱਧਰੇ ਇਲਾਕਿਆਂ ਵਿੱਚ ਇੱਕ ਨੀਮ ਪਹਾੜੀ ਇਲਾਕਾ ਹੈ। ਇੱਥੋਂ ਦੀਆਂ ਜ਼ਮੀਨਾਂ ਉੱਚੀਆਂ-ਨੀਵੀਆਂ ਹੋਣ ਕਰਕੇ ਭੌਂ-ਖੋਰ ਦੀ ਸਮੱਸਿਆ ਬਹੁਤ ਜ਼ਿਆਦਾ ਹੈ ਅਤੇ ਜ਼ਮੀਨੀ ਪਾਣੀ ਬਹੁਤ ਹੀ ਡੂੰਘਾ ਹੈ। ਇੱਥੋਂ ਦੇ ਕਿਸਾਨਾਂ ਦਾ ਜੀਵਨ ਪੱਧਰ ਘੱਟ ਜ਼ਮੀਨਾਂ ਅਤੇ ਘੱਟ ਸਾਧਨ ਹੋਣ ਕਰਕੇ ਬਾਕੀ ਪੰਜਾਬ ਦੇ ਕਿਸਾਨਾਂ ਨਾਲੋਂ ਆਰਥਿਕ ਅਤੇ ਸਮਾਜਿਕ ਤੌਰ 'ਤੇ ਨੀਵਾਂ ਹੈ। ਕੰਢੀ ਖੇਤਰ ਵਿੱਚ ਪਾਣੀ ਦੀ ਘਾਟ ਕਰਕੇ ਬਹੁਤ ਸਾਰੇ ਇਲਾਕਿਆਂ ਵਿੱਚ ਫ਼ਸਲਾਂ ਦੀ ਬਿਜਾਈ ਵੀ ਨਹੀਂ ਹੁੰਦੀ। ਕੰਢੀ ਇਲਾਕੇ ਵਿੱਚ ਲਗਭਗ 1000 ਮਿ.ਮੀ. ਵਰਖਾ ਹੁੰਦੀ ਹੈ, ਜੋ ਬਾਕੀ ਪੰਜਾਬ ਨਾਲੋਂ ਕਾਫ਼ੀ ਜ਼ਿਆਦਾ ਹੈ। ਪੰਜਾਬ ਦਾ ਜੰਗਲਾਂ ਅਧੀਨ ਰਕਬਾ ਸਭ ਤੋਂ ਜ਼ਿਆਦਾ ਕੰਢੀ ਖੇਤਰ ਵਿੱਚ ਹੈ। ਇਸ ਇਲਾਕੇ ਦੇ ਛੋਟੇ ਕਿਸਾਨ ਖੇਤੀ ਵਿੱਚ ਪਹਿਲਾਂ ਹੀ ਖੇਤੀ ਭਿੰਨਤਾ ਰੱਖਦੇ ਹਨ ਪਰ ਹੁਣ ਇਸ ਭਿੰਨਤਾ ਨੂੰ ਵਧਾਉਣ ਦੀਆਂ ਅਨੇਕਾਂ ਹੋਰ ਸੰਭਾਵਨਾਵਾਂ ਹਨ। ਮੌਸਮ ਤਬਦੀਲੀਆਂ ਕਰਕੇ ਖੇਤੀ ਵਿੱਚ ਵਿਭਿੰਨਤਾ ਲਿਆਉਣੀ ਹੋਰ ਵੀ ਜ਼ਰੂਰੀ ਹੋ ਗਈ ਹੈ। ਇਸ ਇਲਾਕੇ ਦੇ ਕਿਸਾਨ ਖੇਤੀ ਵਿਭਿੰਨਤਾ ਲਈ ਹੇਠ ਲਿਖੀਆਂ ਕੁਝ ਤਕਨੀਕਾਂ ਅਪਨਾ ਸਕਦੇ ਹਨ :-

1. **ਸਾਉਣੀ ਦੀ ਮੱਕੀ** : ਕੰਢੀ ਇਲਾਕੇ ਵਿੱਚ ਪਾਣੀ ਦੀ ਘਾਟ ਕਾਰਨ ਝੋਨੇ ਦੀ ਕਾਸ਼ਤ ਬਿਲਕੁਲ ਨਹੀਂ ਕਰਨੀ ਚਾਹੀਦੀ। ਇਸ ਇਲਾਕੇ ਦੀ ਰਵਾਇਤੀ ਫ਼ਸਲ ਸਾਉਣੀ ਦੀ ਮੱਕੀ ਬਿਨਾਂ ਸਿੰਚਾਈ ਕੀਤੇ ਮੀਂਹ ਦੇ ਪਾਣੀ ਨਾਲ ਹੀ ਤਿਆਰ ਕੀਤੀ ਜਾ ਸਕਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਹੁਣ ਮੱਕੀ ਦੀਆਂ ਨਵੀਆਂ ਕਿਸਮਾਂ ਸਿਫ਼ਾਰਸ਼ ਕੀਤੀਆਂ ਹਨ, ਜਿਨ੍ਹਾਂ ਦਾ ਬੀਜ ਵੀ ਹਰ ਸਾਲ ਖਰੀਦਣ ਦੀ ਲੋੜ ਨਹੀਂ ਅਤੇ ਉਨ੍ਹਾਂ ਦਾ ਆਟਾ ਵੀ ਦੇਸੀ ਮੱਕੀ ਵਰਗਾ ਬਣਦਾ ਹੈ। ਕਿਸਾਨ ਖ਼ਾਸ ਤੌਰ 'ਤੇ ਮੱਕੀ ਦੀ ਜੇਸੀ-4 ਕਿਸਮ ਬੀਜ ਕੇ ਇਸ ਦਾ ਆਟਾ ਤਿਆਰ ਕਰਕੇ ਵੇਚ ਸਕਦੇ ਹਨ, ਜਿਸ ਨਾਲ ਉਨ੍ਹਾਂ ਨੂੰ ਬਹੁਤ ਮੁਨਾਫ਼ਾ ਹੋ ਸਕਦਾ ਹੈ। ਬਾਜ਼ਾਰ ਵਿੱਚ ਦੇਸੀ ਮੱਕੀ ਦੇ ਆਟੇ ਦੀ ਬਹੁਤ ਜ਼ਿਆਦਾ ਮੰਗ ਹੈ ਤੇ ਉਸ ਦਾ ਚੰਗਾ ਮੁੱਲ ਮਿਲਦਾ ਹੈ।

2. **ਸੋਇਆਬੀਨ** : ਕੰਢੀ ਇਲਾਕੇ ਵਿੱਚ ਸਾਉਣੀ ਵਿੱਚ ਸੋਇਆਬੀਨ ਦੀ ਫ਼ਸਲ ਵੀ ਇੱਕ ਵਧੀਆ ਬਦਲ ਹੈ। ਕੰਢੀ ਵਿੱਚ ਮਾਹਿਲਪੁਰ ਦੇ ਨੇੜੇ ਕਾਫੀ ਰਕਬੇ ਵਿੱਚ ਇਸ ਦੀ ਕਾਸ਼ਤ ਵੀ ਕੀਤੀ ਜਾ ਰਹੀ ਹੈ ਅਤੇ ਇਸ ਦੀ ਮੰਗ ਵੀ ਪੈਦਾ ਹੋ ਰਹੀ ਹੈ।



ਕੁਝ ਕਿਸਾਨ ਸੋਇਆਬੀਨ ਤੋਂ ਵੱਖ-ਵੱਖ ਪਦਾਰਥ ਬਣਾ ਕੇ ਵੇਚ ਸਕਦੇ ਹਨ ਅਤੇ ਚੰਗਾ ਮੁਨਾਫ਼ਾ ਕਮਾ ਸਕਦੇ ਹਨ। ਸੋਇਆਬੀਨ ਦੀ ਫ਼ਸਲ ਵੀ ਸਾਉਣੀ ਵਿੱਚ ਬਿਨਾਂ ਪਾਣੀ ਤੋਂ ਜਾਂ ਬਹੁਤ ਘੱਟ ਪਾਣੀ ਨਾਲ ਹੋ ਸਕਦੀ ਹੈ ਤੇ ਇਸ ਫ਼ਸਲ ਨੂੰ ਜੰਗਲੀ ਜਾਨਵਰਾਂ ਦਾ ਉਜਾੜਾ ਵੀ ਘੱਟ ਹੈ।

3. **ਤੇਲ ਬੀਜ ਫ਼ਸਲਾਂ** : ਕੰਢੀ ਇਲਾਕੇ ਦੇ ਕਿਸਾਨ ਹਾੜ੍ਹੀ ਵਿੱਚ ਕਣਕ ਤੋਂ ਇਲਾਵਾ ਤੇਲ ਬੀਜ ਫ਼ਸਲਾਂ ਜਿਵੇਂ ਕਿ ਸਰ੍ਹੋਂ, ਅਲਸੀ ਅਤੇ ਤਾਰਾਮੀਰਾ ਦੀ ਕਾਸ਼ਤ ਵੀ ਕਰ ਸਕਦੇ ਹਨ। ਸਰ੍ਹੋਂ ਦੀਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਹਾਈਓਲਾ ਕਿਸਮਾਂ ਜਿਵੇਂ ਕਿ ਜੀਐਸਸੀ-7 ਵਿਕਸਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾ ਤੇਲ ਕੱਢ ਕੇ ਬਾਜ਼ਾਰ ਵਿੱਚ ਚੰਗੇ ਭਾਅ 'ਤੇ ਵੇਚਿਆ ਜਾ ਸਕਦਾ ਹੈ। ਜਿੱਥੇ ਜੰਗਲੀ ਜਾਨਵਰਾਂ ਦਾ ਉਜਾੜਾ ਜ਼ਿਆਦਾ ਹੋਵੇ, ਉੱਥੇ ਤਾਰਾਮੀਰਾ ਦੀ ਫ਼ਸਲ ਬੀਜ ਕੇ ਚੰਗਾ ਮੁਨਾਫ਼ਾ ਕਮਾਇਆ ਜਾ ਸਕਦਾ ਹੈ।

4. **ਵਣ ਖੇਤੀ** : ਕੰਢੀ ਦੇ ਇਲਾਕੇ ਵਿੱਚ ਵਣ ਖੇਤੀ ਹੇਠ ਰਕਬਾ ਬਹੁਤ ਤੇਜ਼ੀ ਨਾਲ ਵਧ ਗਿਆ ਹੈ ਅਤੇ ਇਸ ਵਿੱਚ ਮੁੱਖ ਤੌਰ 'ਤੇ ਪਾਪਲਰ ਅਤੇ ਸਫੈਦੇ ਦੀ ਕਾਸ਼ਤ ਕੀਤੀ ਜਾ ਰਹੀ ਹੈ। ਪਿਛਲੇ ਲਗਭਗ 10 ਸਾਲਾਂ ਤੋਂ ਇਨ੍ਹਾਂ ਫ਼ਸਲਾਂ ਤੋਂ ਚੰਗਾ ਮੁਨਾਫ਼ਾ ਹੋ ਰਿਹਾ ਹੈ। ਪਾਪਲਰ ਵਿੱਚ ਪਹਿਲੇ ਤਿੰਨ ਸਾਲ ਝੋਨੇ ਤੋਂ ਬਿਨਾਂ ਬਾਕੀ ਸਾਰੀ ਫ਼ਸਲਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ ਅਤੇ ਬਾਅਦ ਵਿੱਚ ਹਲਦੀ, ਫੁੱਲ, ਅਦਰਕ ਤੇ ਕਣਕ ਦੀ ਕਾਸ਼ਤ ਕੀਤੀ ਜਾ ਸਕਦੀ ਹੈ।

5. **ਅਦਰਕ** : ਕੰਢੀ ਇਲਾਕੇ ਵਿੱਚ ਜੰਗਲੀ ਜਾਨਵਰਾਂ ਦੇ ਉਜਾੜੇ ਤੋਂ ਬਚਣ ਅਤੇ ਘੱਟ ਪਾਣੀ ਹੋਣ ਤੇ ਅਦਰਕ ਦੀ ਕਾਸ਼ਤ ਕਰਨੀ ਲਾਹੇਵੰਦ ਹੈ। ਅਦਰਕ ਦੀ ਫ਼ਸਲ ਚੰਗੇ ਜਲ ਨਿਕਾਸ ਵਾਲੇ ਖੇਤਾਂ ਵਿੱਚ ਵਣ ਖੇਤੀ ਦੀ ਛਾਂ ਹੇਠ ਜ਼ਿਆਦਾ ਵਧੀਆ ਹੁੰਦੀ ਹੈ।

6. **ਜੈਵਿਕ ਖੇਤੀ** : ਪਿਛਲੇ ਕੁਝ ਸਾਲਾਂ ਤੋਂ ਖਪਤਕਾਰਾਂ ਵਿੱਚ ਜ਼ਹਿਰ ਰਹਿਤ ਜੈਵਿਕ ਉਤਪਾਦਾਂ ਦੀ ਮੰਗ ਵਿੱਚ ਬਹੁਤ ਵਾਧਾ ਹੋਇਆ ਹੈ। ਕੰਢੀ ਦਾ ਇਲਾਕਾ ਜੈਵਿਕ ਖੇਤੀ ਲਈ ਬਹੁਤ ਢੁਕਵਾਂ ਹੈ ਅਤੇ ਇੱਥੇ ਇਨ੍ਹਾਂ ਦੀ ਕਾਸ਼ਤ ਕਰਕੇ ਚੰਡੀਗੜ੍ਹ ਅਤੇ ਹੋਰ ਨੇੜੇ ਦੇ ਸ਼ਹਿਰਾਂ ਵਿੱਚ ਮੰਡੀਕਰਨ ਕੀਤਾ ਜਾ ਸਕਦਾ ਹੈ। ਜੈਵਿਕ ਕਣਕ, ਦਾਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਕਰਨ ਲਈ ਖੇਤੀਬਾੜੀ ਯੂਨੀਵਰਸਿਟੀ ਨੇ ਸਿਫ਼ਾਰਸ਼ਾਂ ਕੀਤੀਆਂ ਹੋਈਆਂ ਹਨ।

7. **ਦਵਾਈਆਂ ਵਾਲੀਆਂ ਜੜ੍ਹੀਆਂ-ਬੂਟੀਆਂ** : ਕੰਢੀ ਦਾ ਇਲਾਕਾ ਕਾਫ਼ੀ ਭਿੰਨਤਾ ਵਾਲਾ ਹੋਣ ਕਰਕੇ ਇੱਥੇ ਦਵਾਈਆਂ ਵਾਲੀਆਂ ਜੜ੍ਹੀਆਂ ਬੂਟੀਆਂ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ ਵਲੋਂ ਕੰਢੀ ਇਲਾਕੇ ਵਿੱਚ ਲਗਭਗ 200 ਦਵਾਈਆਂ ਵਾਲੇ ਪੌਦਿਆਂ ਦੀ ਭਾਲ ਕੀਤੀ ਗਈ ਹੈ ਅਤੇ ਇਨ੍ਹਾਂ ਵਿੱਚੋਂ 10-12 ਫ਼ਸਲਾਂ ਵਪਾਰਕ ਪੱਧਰ 'ਤੇ ਵੀ ਪੈਦਾ ਕੀਤੀਆਂ ਜਾ ਸਕਦੀਆਂ ਹਨ। ਪ੍ਰੰਤੂ ਦਵਾਈਆਂ ਵਾਲੀਆਂ ਜੜ੍ਹੀਆਂ-ਬੂਟੀਆਂ ਪੈਦਾ ਕਰਨ ਤੋਂ ਪਹਿਲਾਂ ਇਨ੍ਹਾਂ ਨੂੰ ਪੈਦਾ ਕਰਨ ਦੀ ਸਿਖਲਾਈ ਅਤੇ ਮੰਡੀਕਰਨ ਬਾਰੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ।

ਕੰਢੀ ਖੇਤਰ ਵਿੱਚ ਛੋਟੇ ਕਿਸਾਨ ਹੋਣ ਕਰਕੇ ਪਸ਼ੂ ਪਾਲਣ ਦਾ ਧੰਦਾ ਵੀ ਬਹੁਤ ਕਾਮਯਾਬ ਹੈ। ਛੋਟੇ ਕਿਸਾਨ ਸੰਯੁਕਤ ਖੇਤੀ ਪ੍ਰਣਾਲੀ ਅਪਨਾ ਕੇ ਦੁੱਧ, ਦਾਣੇ, ਚਾਰਾ, ਦਾਲਾਂ ਅਤੇ ਫ਼ਲ ਪੈਦਾ ਕਰਕੇ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਨਾਲ-ਨਾਲ ਵਾਧੂ ਸਾਮਾਨ ਵੇਚ ਕੇ ਸਾਰਾ ਸਾਲ ਆਮਦਨ ਪ੍ਰਾਪਤ ਕਰ ਸਕਦੇ ਹਨ।

ਝੋਨੇ ਵਿੱਚ ਬੂਟਿਆਂ ਦੇ ਟਿੱਡਿਆਂ ਦੀ ਸਰਵਪੱਖੀ ਰੋਕਥਾਮ

ਪ੍ਰੀਤਇੰਦਰ ਸਿੰਘ ਸਰਾਓ ਅਤੇ ਹਰਪਾਲ ਸਿੰਘ ਰੰਧਾਵਾ, ਝੋਨਾ ਸੈਕਸ਼ਨ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋਬਾਇਲ : 98720-06248)

ਸਰਵਪੱਖੀ ਰੋਕਥਾਮ

★ **ਖੇਤ ਦੀ ਤਿਆਰੀ ਅਤੇ ਸਫ਼ਾਈ** : ਪਿਛਲੀ ਫ਼ਸਲ ਦੀ ਰਹਿੰਦ-ਖੂੰਹਦ ਨੂੰ ਮਿੱਟੀ ਵਿੱਚ ਮਿਲਾ ਦੇਣਾ ਚਾਹੀਦਾ ਹੈ ਤਾਂ ਜੋ ਕੀੜਿਆਂ ਅਤੇ ਵਾਇਰਸ ਦੇ ਫੈਲਾਅ ਨੂੰ ਘਟਾਇਆ ਜਾ ਸਕੇ। ਪਾਣੀ ਦੀਆਂ ਨਾਲੀਆਂ, ਵੱਟਾਂ ਅਤੇ ਖੇਤ ਦੇ ਆਲੇ-ਦੁਆਲੇ ਵਾਲੀਆਂ ਥਾਵਾਂ ਨੂੰ ਨਦੀਨਾਂ ਅਤੇ ਘਾਹ-ਫੂਸ ਤੋਂ ਸਾਫ਼ ਰੱਖੋ। ਇਸ ਨਾਲ ਚਿੱਟੀ ਪਿੱਠ ਵਾਲੇ ਟਿੱਡਿਆਂ ਦੀ ਸ਼ੁਰੂਆਤੀ ਗਿਣਤੀ ਘੱਟ ਰਹਿੰਦੀ ਹੈ ਅਤੇ ਵਾਇਰਸ ਦੇ ਫੈਲਾਅ ਨੂੰ ਰੋਕਣ ਵਿੱਚ ਮਦਦ ਮਿਲਦੀ ਹੈ।

★ **ਨਿਗਰਾਨੀ** : ਪਨੀਰੀ ਅਤੇ ਫ਼ਸਲ ਦੇ ਸ਼ੁਰੂਆਤੀ ਵਾਧੇ ਸਮੇਂ ਟਿੱਡਿਆਂ ਦੀ ਨਿਗਰਾਨੀ ਲਈ ਪਨੀਰੀ ਜਾਂ ਖੇਤ ਦੇ ਨੇੜੇ ਬਲਾਕ ਜਾਂ ਲਾਈਟ ਟਰੈਪ ਲਗਾਓ। ਜੇਕਰ ਲਾਈਟ ਟਰੈਪ ਵਿੱਚ ਚਿੱਟੀ ਪਿੱਠ ਵਾਲੇ ਟਿੱਡੇ ਮਿਲਣ, ਤਾਂ ਸਿਫ਼ਾਰਸ਼ ਕੀਤੀ ਕੀਟਨਾਸ਼ਕ ਦਵਾਈ ਦਾ ਛਿੜਕਾਅ ਕਰਕੇ ਵਾਇਰਸ ਅਤੇ ਕੀੜੇ ਦੇ ਫੈਲਾਅ ਨੂੰ ਰੋਕੋ।

★ **ਬੌਣੇ ਪੌਦਿਆਂ ਨੂੰ ਨਸ਼ਟ ਕਰਨਾ** : ਜੇਕਰ ਪਨੀਰੀ ਜਾਂ ਖੇਤ ਵਿੱਚ ਬੌਣੇ ਅਤੇ ਰੋਗੀ ਪੌਦੇ ਨਜ਼ਰ ਆਉਣ, ਤਾਂ ਉਨ੍ਹਾਂ ਨੂੰ ਤੁਰੰਤ ਪੁੱਟ ਕੇ ਖੇਤ ਤੋਂ ਹਟਾ ਦਿਓ ਅਤੇ ਮਿੱਟੀ ਵਿੱਚ ਡੂੰਘਾ ਦੱਬ ਦਿਓ। ਇਸ ਨਾਲ ਵਾਇਰਸ ਦੇ ਫੈਲਾਅ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ।

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 I 9216103075 I 9216103069

★ **ਖਾਦਾਂ ਦੀ ਸਹੀ ਵਰਤੋਂ** : ਨਾਈਟ੍ਰੋਜਨ ਵਾਲੀਆਂ ਖਾਦਾਂ ਸਿਰਫ਼ ਸਿਫ਼ਾਰਸ਼ ਕੀਤੀ ਮਾਤਰਾ ਵਿੱਚ ਹੀ ਪਾਓ। ਖਾਦ ਦੀ ਮਾਤਰਾ ਮਿੱਟੀ ਦੀ ਜਾਂਚ ਜਾਂ ਪੀ. ਏ. ਯੂ. ਦੇ ਲੀਫ ਕਵਰ ਚਾਰਟ (Leaf Colour Chart) ਦੀ ਮਦਦ ਨਾਲ ਨਿਰਧਾਰਤ ਕਰੋ। ਵੱਧ ਨਾਈਟ੍ਰੋਜਨ ਪਾਉਣ ਨਾਲ ਪੌਦੇ ਬਹੁਤ ਨਰਮ ਅਤੇ ਹਰੇ-ਭਰੇ ਹੋ ਜਾਂਦੇ ਹਨ, ਜਿਸ ਕਾਰਨ ਟਿੱਡਿਆਂ ਨੂੰ ਵੱਸਣ, ਖੁਰਾਕ ਲੈਣ ਅਤੇ ਤੇਜ਼ੀ ਨਾਲ ਵਧਣ ਲਈ ਅਨੁਕੂਲ ਹਾਲਾਤ ਮਿਲ ਜਾਂਦੇ ਹਨ। ਬਾਸਮਤੀ ਝੋਨੇ ਵਿੱਚ ਹਰੀ ਖਾਦ (ਗਰੀਨ ਮੈਨਿਊਰਿੰਗ) ਤੋਂ ਬਾਅਦ ਨਾਈਟ੍ਰੋਜਨ ਖਾਦ ਪਾਉਣ ਤੋਂ ਪਰਹੇਜ਼ ਕਰੋ।

★ **ਪਾਣੀ ਦਾ ਸਹੀ ਪ੍ਰਬੰਧ** : ਪਾਣੀ ਦਾ ਸਹੀ ਪ੍ਰਬੰਧ ਟਿੱਡਿਆਂ ਦੀ ਗਿਣਤੀ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਖੇਤ ਵਿੱਚ ਵਾਰੀ-ਵਾਰੀ ਪਾਣੀ ਲਗਾਉਣ ਅਤੇ ਸੁੱਕਣ ਦੀ ਵਿਧੀ ਅਪਣਾਓ। ਜੇਕਰ ਟਿੱਡਿਆਂ ਦਾ ਹਮਲਾ ਹੋ ਜਾਵੇ ਤਾਂ ਖੇਤ ਵਿੱਚੋਂ 3-4 ਦਿਨ ਲਈ ਵਾਧੂ ਪਾਣੀ ਕੱਢ ਦਿਓ। ਧਿਆਨ ਰੱਖੋ ਕਿ ਮਿੱਟੀ ਵਿੱਚ ਤਰੇੜਾਂ ਨਾ ਪੈਣ। ਪਾਣੀ ਕੱਢਣ ਦੀ ਮਿਆਦ ਮਿੱਟੀ ਦੀ ਕਿਸਮ ਅਨੁਸਾਰ ਘੱਟ ਜਾਂ ਵੱਧ ਹੋ ਸਕਦੀ ਹੈ।

★ **ਕੁਦਰਤੀ ਰੋਕਥਾਮ** : ਜੇਕਰ ਝੋਨੇ ਦੇ ਖੇਤ ਦਾ ਵਾਤਾਵਰਨ ਕੁਦਰਤੀ ਤੌਰ 'ਤੇ ਸੰਤੁਲਿਤ ਰਹੇ, ਤਾਂ ਭੂਰੇ ਟਿੱਡਿਆਂ ਅਤੇ ਚਿੱਟੀ ਪਿੱਠ ਵਾਲੇ ਟਿੱਡਿਆਂ ਦੀ ਗਿਣਤੀ ਆਪਣੇ ਆਪ ਕਾਫ਼ੀ ਹੱਦ ਤੱਕ ਕਾਬੂ ਵਿੱਚ ਰਹਿੰਦੀ ਹੈ। ਕਈ ਲਾਭਕਾਰੀ ਕੀੜੇ ਅਤੇ ਮਕੌੜਿਆਂ ਟਿੱਡਿਆਂ ਨੂੰ ਖਾ ਕੇ ਉਨ੍ਹਾਂ ਦੀ ਗਿਣਤੀ ਘਟਾਉਂਦੇ ਹਨ। ਇਨ੍ਹਾਂ ਵਿੱਚ ਮਿਰਿਡ ਬੱਗ, ਲੇਡੀਬਰਡ ਭੂੰਡ, ਓਫਿਓਨੀਆ ਭੂੰਡ ਅਤੇ ਮੱਕੜੀਆਂ ਸ਼ਾਮਲ ਹਨ। ਇਹ ਕੁਦਰਤੀ ਦੁਸ਼ਮਣ ਟਿੱਬਿਆਂ ਦੀ ਗਿਣਤੀ ਨੂੰ ਕਾਬੂ ਵਿੱਚ ਰੱਖਣ ਵਿੱਚ ਮਦਦ ਕਰਦੇ ਹਨ। ਜਦੋਂ ਫ਼ਸਲ ਬਹੁਤ ਸੰਘਣੀ ਹੋਵੇ ਅਤੇ ਪੌਦਿਆਂ ਦੀ ਛੱਤ ਪੂਰੀ ਤਰ੍ਹਾਂ ਬੰਦ ਹੋ ਜਾਵੇ, ਤਾਂ ਖੇਤ ਵਿੱਚ ਨਮੀ ਵੱਧ ਜਾਂਦੀ ਹੈ। ਵੱਧ ਨਮੀ ਵਾਲੇ ਹਾਲਾਤ ਟਿੱਡਿਆਂ ਦੇ ਬਚਾਅ, ਪ੍ਰਜਨਨ ਅਤੇ ਤੇਜ਼ੀ ਨਾਲ ਗਿਣਤੀ ਵਧਣ ਲਈ ਅਨੁਕੂਲ ਹੁੰਦੇ ਹਨ।

ਰਸਾਇਣਕ ਰੋਕਥਾਮ

★ **ਖੇਤ ਦੀ ਨਿਗਰਾਨੀ** : ਟਿੱਡੇ ਝੋਨੇ ਦੇ ਪੌਦੇ ਦੇ ਨੀਵੇਂ ਹਿੱਸੇ (ਜੜ੍ਹ ਦੇ ਨੇੜੇ) ਵਿੱਚ ਰਹਿ ਕੇ ਰਸ ਚੂਸਦੇ ਹਨ, ਇਸ ਕਰਕੇ ਸ਼ੁਰੂਆਤੀ ਹਮਲੇ ਨੂੰ ਪਛਾਣਨਾ ਔਖਾ ਹੁੰਦਾ ਹੈ। ਇਸ ਲਈ ਕਈ ਵਾਰ ਨੁਕਸਾਨ ਉਸ ਸਮੇਂ ਪਤਾ ਲੱਗਦਾ ਹੈ ਜਦੋਂ "ਹਾਪਰ ਬਰਨ" ਦੇ ਲੱਛਣ ਦਿਖਾਈ ਦੇਣ ਲੱਗਦੇ ਹਨ। ਇਸ ਲਈ ਖੇਤ ਦੀ ਨਿਯਮਤ ਜਾਂਚ ਬਹੁਤ ਜ਼ਰੂਰੀ ਹੈ। ਹਰ ਹਫ਼ਤੇ ਖੇਤ ਦੇ ਵੱਖ-ਵੱਖ ਹਿੱਸਿਆਂ ਤੋਂ ਕੁਝ ਪੌਦੇ ਚੁਣੋ। ਪੌਦਿਆਂ ਨੂੰ ਹੌਲੀ ਜਿਹਾ ਝੁਕਾ ਕੇ ਟਿੱਲਰਾਂ ਦੇ ਨੀਵੇਂ ਹਿੱਸੇ ਨੂੰ 2-3 ਵਾਰ ਠੱਪਾ ਮਾਰੋ। ਜੋ ਨਿੰਫ ਅਤੇ ਬਾਲਗ ਟਿੱਡੇ ਡਿੱਗਣ, ਉਹ ਖੇਤ ਦੇ ਪਾਣੀ ਵਿੱਚ ਦਿਖਾਈ ਦੇਣਗੇ ਅਤੇ ਉਨ੍ਹਾਂ ਦੀ ਗਿਣਤੀ ਕੀਤੀ ਜਾ ਸਕਦੀ ਹੈ।

★ **ਆਰਥਿਕ ਹੱਦ ਪੱਧਰ** : ਜਦੋਂ ਟਿੱਡਿਆਂ ਦੀ ਗਿਣਤੀ ਪ੍ਰਤੀ ਝੁੰਡ 5 ਜਾਂ ਇਸ ਤੋਂ ਵੱਧ ਹੋ ਜਾਵੇ, ਤਾਂ ਤੁਰੰਤ ਉਪਾਅ ਕਰੋ।

★ **ਛਿੜਕਾਅ ਦਾ ਸਮਾਂ** : ਸ਼ੁਰੂਆਤੀ ਸਮੇਂ ਵਿੱਚ ਕੀੜਿਆਂ (ਵਰਲ ਮੈਗਟ ਜਾਂ ਪੱਤਾ ਲਪੇਟ ਸੁੰਡੀ) ਲਈ ਬਿਨਾਂ ਲੋੜ ਤੋਂ ਵੱਧ ਕੀਟਨਾਸ਼ਕ, ਖਾਸ ਕਰਕੇ ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾ ਕਰੋ। ਇਹ ਦਵਾਈਆਂ ਟਿੱਡਿਆਂ ਦੇ ਕੁਦਰਤੀ ਦੁਸ਼ਮਣਾਂ ਨੂੰ ਨਸ਼ਟ ਕਰ ਦਿੰਦੀਆਂ ਹਨ, ਜਿਸ ਨਾਲ ਟਿੱਡਿਆਂ ਦੀ ਗਿਣਤੀ ਹੋਰ ਵੱਧ ਸਕਦੀ ਹੈ।

★ **ਛਿੜਕਾਅ ਦੀ ਸਹੀ ਵਿਧੀ** : ਟਿੱਡਿਆਂ ਦੇ ਪ੍ਰਭਾਵਸ਼ਾਲੀ ਕੰਟਰੋਲ ਲਈ ਕੀਟਨਾਸ਼ਕ ਦਾ ਛਿੜਕਾਅ ਟ੍ਰਿਪਲ ਐਕਸ਼ਨ ਨੋਜ਼ਲ ਵਾਲੇ ਨੈਪਸੈਕ ਸਪਰੇਅ ਪੰਪ ਨਾਲ ਬੂਟਿਆਂ ਦੇ ਮੁੱਢਾਂ ਵੱਲ ਕਰਕੇ ਕਰੋ। ਛਿੜਕਾਅ ਬੂਟਿਆਂ ਦੇ ਮੁੱਢਾਂ ਤੇ ਜ਼ਰੂਰ ਪਵੇ, ਜਿੱਥੇ ਇਹ ਕੀੜੇ ਵਧੇਰੇ ਹੁੰਦੇ ਹਨ। ਹੱਲੇ ਵਾਲੀਆਂ ਥਾਵਾਂ ਦੇ 3-4 ਮੀਟਰ ਆਲੇ ਦੁਆਲੇ ਵੀ ਕੀਟਨਾਸ਼ਕਾਂ ਦੀ ਵਰਤੋਂ ਜ਼ਰੂਰ ਕਰੋ ਕਿਉਂਕਿ ਟਿੱਡਿਆਂ ਦੀ ਜ਼ਿਆਦਾ ਗਿਣਤੀ ਇਨ੍ਹਾਂ ਥਾਵਾਂ ਤੇ ਹੀ ਹੁੰਦੀ ਹੈ।

★ **ਕੀਟਨਾਸ਼ਕ** : ਪੈਕਸਾਲੋਨ 10 ਐੱਸ ਸੀ (ਟਰਾਈਫਲੂਮੀਜ਼ੋਪਾਇਰਮ) 94 ਮਿਲੀਲੀਟਰ ਜਾਂ ਉਲਾਲਾ 50 ਡਬਲਯੂ ਪੀ (ਫਲੋਨਿਕਾਮਿਡ) 60 ਗ੍ਰਾਮ ਜਾਂ ਓਸ਼ੀਨ/ਟੋਕਨ/ਡੋਮੀਨੇਂਟ 20 ਐੱਸ ਸੀ (ਡਾਇਨੋਟੈਫੂਰਾਨ) 80 ਗ੍ਰਾਮ ਜਾਂ ਚੈੱਸ 50 ਡਬਲਯੂ ਜੀ (ਪਾਈਮੈਟਰੋਜ਼ਿਨ) 120 ਗ੍ਰਾਮ ਜਾਂ ਆਰਕੈਸਟਰਾ 10 ਐੱਸ ਸੀ (ਬੈਂਜ਼ਪਾਇਰੀਮੇਕਸਾਨ) 400 ਮਿਲੀਲੀਟਰ ਜਾਂ ਇਮੇਜਿਨ/ਵਿਓਲਾ 10 ਐੱਸ ਸੀ (ਫਲੂਪਾਇਰੀਮਿਨ) 300 ਮਿਲੀਲੀਟਰ ਜਾਂ ਏਕਾਲਕਸ/ਕੁਇਨਗਾਰਡ/ਕੁਇਨਲਮਾਸ 25 ਈ ਸੀ (ਕੁਇਨਲਫਾਸ) 800 ਮਿਲੀਲੀਟਰ ਜਾਂ ਇਕੋਟਿਨ (ਅਜੈਡੀਰੈਕਟਿਨ 5%) 80 ਮਿਲੀਲੀਟਰ ਜਾਂ ਪੀ ਏ ਯੂ ਨਿੰਮ ਘੋਲ 4 ਲੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲੀਟਰ ਪਾਣੀ ਵਿੱਚ ਘੋਲ ਕੇ ਛਿੜਕੋ। ਇਕੋਟਿਨ/ਪੀ ਏ ਯੂ ਨਿੰਮ ਦੇ ਘੋਲ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਓ। ਕੀਟਨਾਸ਼ਕ ਦਵਾਈਆਂ ਦੀ ਵਰਤੋਂ ਅਦਲ-ਬਦਲ ਅਤੇ ਸਿਫ਼ਾਰਸ਼ ਕੀਤੀ ਮਾਤਰਾ ਅਨੁਸਾਰ ਹੀ ਕਰੋ। ਕੀੜਿਆਂ ਦੀ ਰੋਕਥਾਮ ਲਈ ਕਿਸਾਨ ਵੀਰ ਕੀਟਨਾਸ਼ਕਾਂ ਦੀ ਬੇਲੋੜੀ ਵਰਤੋਂ ਨਾ ਕਰਨ, ਜੋ ਕਿ ਦਾਣਿਆਂ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ, ਵਾਤਾਵਰਨ ਨੂੰ ਦੂਸ਼ਿਤ ਕਰਨ ਅਤੇ ਗੰਭੀਰ ਮਨੁੱਖੀ ਸਿਹਤ ਸਮੱਸਿਆ ਦਾ ਕਾਰਨ ਬਣਦੀ ਹੈ।

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ
ਪ੍ਰਕਾਸ਼ਿਤ ਹੋਣ ਵਾਲਾ
ਖੇਤੀ ਦੁਨੀਆਂ
ਸੰਪੂਰਨ ਖੇਤੀਬਾੜੀ ਹਫਤਾਵਾਰੀ
ਇੱਕ ਸਾਲ ਵਿੱਚ 52 ਅੰਕ
ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ
ਨਵੀਨਤਮ ਜਾਣਕਾਰੀ ਪਾਓ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/- ਰੁਪਏ
KHETI DUNIYAN
TID - 62763351
ਡਾਕ ਰਾਹੀਂ ਪ੍ਰਾਪਤ ਕਰਨ ਲਈ
ਇੱਕ ਸਾਲ 500/- ਰੁਪਏ
ਦੋ ਸਾਲ 800/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ
ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575

ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 29
ਮਿਤੀ 18-07-2026

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor : **JAGPREET SINGH**,
Printer, Publisher and Owner of Weekly
'KHETI DUNIYAN' Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.**PUNPUN00806**

ਖੇਤੀ ਨੂੰ ਕ੍ਰਾਂਤੀਕਾਰੀ ਦਿਸ਼ਾ ਵੱਲ ਮੋੜਨ ਵਾਲੀ ਪੀ.ਏ.ਯੂ. ਅੱਜ 63 ਸਾਲਾਂ ਦੀ ਹੋਈ

ਜਗਵਿੰਦਰ ਸਿੰਘ ਅਤੇ ਤੇਜਿੰਦਰ ਸਿੰਘ ਰਿਆੜ,
ਸੰਚਾਰ ਕੇਂਦਰ, ਪੀ. ਏ. ਯੂ., ਲੁਧਿਆਣਾ (ਮੋਬਾਇਲ : 94654-64502)

ਅੱਜ ਤੋਂ 63 ਸਾਲ ਪਹਿਲਾਂ ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਪੀ.ਏ.ਯੂ. ਦਾ ਨੀਂਹ ਪੱਥਰ ਧਰਿਆ ਸੀ। ਦੇਸ਼ ਨੂੰ ਉਸ ਸਮੇਂ ਭੁੱਖਮਰੀ ਦੀ ਹਾਲਤ ਵਿੱਚੋਂ ਬਾਹਰ ਕੱਢ ਕੇ ਦੇਸ਼ ਵਾਸੀਆਂ ਲਈ ਲੋੜੀਂਦਾ ਅੰਨ ਪੈਦਾ ਕਰਨਾ ਵੱਡੀ ਚੁਣੌਤੀ ਸੀ। ਪੰਡਿਤ ਨਹਿਰੂ ਨੇ ਇਤਿਹਾਸ ਦੇ ਉਸ ਨਾਜ਼ੁਕ ਪੜਾਅ ਤੇ ਚੁਣੌਤੀ ਦੀ ਜੋ ਮਿਸਾਲ ਪੀ. ਏ. ਯੂ. ਨੂੰ ਫੜਾਈ, ਇਸ ਸੰਸਥਾ ਨੇ ਨਾ ਸਿਰਫ ਪੰਜਾਬ ਨੂੰ ਬਲਕਿ ਸਮੁੱਚੇ ਦੇਸ਼ ਨੂੰ ਅੰਨ ਉਤਪਾਦਨ ਪੱਖੋਂ ਦੁਨੀਆਂ ਦੇ ਮੋਹਰੀ ਦੇਸ਼ਾਂ ਦੀ ਕਤਾਰ ਵਿਚ ਲਿਆ ਖੜਾ ਕੀਤਾ। ਅੱਜ ਆਪਣੀ ਸਥਾਪਨਾ ਦਾ 63ਵਾਂ ਦਿਹਾੜਾ ਮਨਾ ਰਹੀ ਪੀ. ਏ. ਯੂ. ਲਗਾਤਾਰ ਚੌਥੇ ਸਾਲ ਦੇਸ਼ ਦੀ ਸਰਵੋਤਮ ਖੇਤੀਬਾੜੀ ਯੂਨੀਵਰਸਿਟੀ ਦੀ ਰੈਂਕਿੰਗ ਦਾ ਤਾਜ ਸਿਰ ਤੇ ਸਜਾ ਕੇ ਹਰੀ ਕ੍ਰਾਂਤੀ ਦੀ ਮੋਢੀ ਸੰਸਥਾ ਬਣੀ ਹੋਈ ਹੈ। ਇਸਨੇ ਪੰਜਾਬ ਦੀ ਹੀ ਨਹੀਂ ਬਲਕਿ ਸਮੁੱਚੇ ਭਾਰਤ ਦੀ ਖੇਤੀਬਾੜੀ ਨੂੰ ਵਿਗਿਆਨਕ, ਸੂਖਮ ਅਤੇ ਵਾਤਾਵਰਨ ਨਾਲ ਸੁਮੇਲ ਵਾਲੀ ਦਿਸ਼ਾ ਵੱਲ ਤੋਰਨ ਵਿਚ ਅਹਿਮ ਭੂਮਿਕਾ ਅਦਾ ਕੀਤੀ। ਹੁਣ ਪੀ.ਏ.ਯੂ. ਭਵਿੱਖ ਦੀ ਖੇਤੀਬਾੜੀ ਲਈ ਨਵੇਂ ਪਰਿਵਰਤਨਾਂ ਨੂੰ ਅੰਗੀਕਾਰ ਕਰਦੀ ਹੋਈ ਏ ਆਈ, ਡਿਜ਼ੀਟਲ ਤਕਨੀਕਾਂ, ਬਰੀਕ ਖੇਤੀਬਾੜੀ ਅਤੇ ਵਾਤਾਵਰਨ ਪੱਖੀ ਕਾਸ਼ਤਕਾਰੀ ਨੂੰ ਉਤਸ਼ਾਹਿਤ ਕਰਨ ਲਈ ਤਿਆਰ-ਬਰ-ਤਿਆਰ ਨਜ਼ਰ ਆਉਂਦੀ ਹੈ।

ਦੁਨੀਆਂ ਦੇ ਇਤਿਹਾਸ ਵਿਚ ਇਸ ਸੰਸਥਾ ਜਿੰਨਾ ਲਾਸਾਨੀ ਯੋਗਦਾਨ ਸ਼ਾਇਦ ਹੀ ਕਦੇ ਦੇਖਣ ਨੂੰ ਮਿਲਿਆ ਹੋਵੇ। 8 ਜੁਲਾਈ 1963 ਨੂੰ ਸਥਾਪਿਤ ਹੋਈ ਇਹ ਸੰਸਥਾ ਖੇਤੀ ਵਿਗਿਆਨ ਦਾ ਮੱਕਾ

ਬਣੀ। ਇਸ ਵਿੱਚੋਂ 6 ਹੋਰ ਯੂਨੀਵਰਸਿਟੀਆਂ ਦੀਆਂ ਸ਼ਾਖਾਵਾਂ ਫੁੱਟੀਆਂ ਅਤੇ ਇਸ ਸੰਸਥਾ ਨੇ ਸੈਂਕੜਿਆਂ ਦੀ ਗਿਣਤੀ ਵਿਚ ਵਿਗਿਆਨੀ ਅਤੇ ਪ੍ਰਸ਼ਾਸਕ ਦੇਸ਼-ਦੁਨੀਆਂ ਦੀਆਂ ਸਰਵੋਤਮ ਖੇਤੀ ਸੰਸਥਾਵਾਂ ਨੂੰ ਦਿੱਤੇ।

ਸਥਾਪਨਾ ਦਿਵਸ ਮੌਕੇ ਇਸ ਸੰਸਥਾ ਨੂੰ ਸੰਘਰਸ਼ ਤੋਂ ਲੈ ਕੇ ਸਫ਼ਲਤਾ ਤੱਕ ਦੀ ਦਸਤਾਵੇਜ਼ੀ ਯਾਤਰਾ ਵਾਂਗ ਦੇਖਿਆ ਜਾ ਸਕਦਾ ਹੈ। ਸੂਬੇ ਦੇ ਨਹੀਂ ਬਲਕਿ ਦੇਸ਼ ਦੇ ਕਿਸਾਨਾਂ ਨੂੰ ਆਰਥਿਕ ਤੌਰ

ਤੇ ਸਮਰਿੱਧ ਕਰਨ ਦੇ ਨਾਲ-ਨਾਲ ਪੀ.ਏ.ਯੂ. ਨੇ ਜੋ ਯੋਗਦਾਨ ਪਾਇਆ ਉਸ ਨਾਲ ਖੇਤੀ ਅਤੇ ਕਿਸਾਨੀ ਦੇ ਮਾਣ ਦੀ ਇਤਿਹਾਸਕ ਬਹਾਲੀ ਸਾਹਮਣੇ ਆਈ।

ਪੀ. ਏ. ਯੂ. ਐੱਨ ਆਈ ਆਰ ਐੱਫ ਦੀ ਰਾਸ਼ਟਰੀ ਰੈਂਕਿੰਗ ਵਿੱਚ ਨਾ ਸਿਰਫ਼ ਲਗਾਤਾਰ ਤੀਜੇ ਸਾਲ ਦੇਸ਼ ਦੀ ਸਰਵੋਤਮ ਖੇਤੀ ਯੂਨੀਵਰਸਿਟੀ ਬਣੀ ਬਲਕਿ ਇਹ ਸੰਸਥਾ ਦੁਨੀਆਂ ਦੀਆਂ ਚੋਟੀ ਦੀਆਂ 100 ਖੇਤੀਬਾੜੀ ਸੰਸਥਾਵਾਂ ਦੀ ਐਜੂ ਰੈਂਕ ਦਰਜਾਬੰਦੀ ਵਿੱਚ ਵੀ ਸ਼ਾਮਿਲ ਹੋ ਗਈ। ਇਸ ਤੋਂ ਇਲਾਵਾ ਆਈ ਆਈ ਆਰ ਐੱਫ ਐਜੂਕੇਸ਼ਨ ਇੰਪੈਕਟ ਐਵਾਰਡ 2026 ਇਸ ਸੰਸਥਾ ਨੂੰ ਮਿਲਣਾ ਪੀ. ਏ. ਯੂ. ਦੇ ਅਕਾਦਮਿਕ ਅਤੇ ਸਿੱਖਿਅਕ ਢਾਂਚੇ ਦੀ ਉੱਚਤਾ ਦੀ ਤਰਜਮਾਨੀ ਕਰਦਾ ਹੈ।

ਖੋਜ ਪੱਖੋਂ ਪੀ. ਏ. ਯੂ. ਨੇ 970 ਦੇ ਕਰੀਬ ਫ਼ਸਲਾਂ ਦੀਆਂ ਕਿਸਮਾਂ ਅਤੇ ਹਾਈਬ੍ਰਿਡ ਵਿਕਸਿਤ ਕੀਤੇ ਜਿਨ੍ਹਾਂ ਵਿੱਚੋਂ 225 ਕਿਸਮਾਂ ਰਾਸ਼ਟਰੀ ਪੱਧਰ ਤੇ ਕਾਸ਼ਤ ਦੇ ਪੈਮਾਨਿਆਂ ਤੇ ਖਰੀਆਂ ਉੱਤਰੀਆਂ। ਇਕੱਲੇ 2025 ਵਿੱਚ ਹੀ 20 ਦੇ ਕਰੀਬ ਨਵੀਆਂ ਕਿਸਮਾਂ ਕਾਸ਼ਤ ਲਈ ਜਾਰੀ ਕੀਤੀਆਂ ਗਈਆਂ। ਭਵਿੱਖ ਵਿੱਚ ਸੂਖਮ ਅਤੇ ਡਿਜ਼ੀਟਲ ਖੇਤੀਬਾੜੀ ਲਈ ਖੋਜਾਂ ਵਿੱਚ ਲੀਨ ਸੰਸਥਾ ਦੇ ਵਿਗਿਆਨੀਆਂ ਨੇ ਜੀ ਐੱਨ ਐੱਸ ਐੱਸ ਅਧਾਰਿਤ ਸਵੈ-ਸੰਚਾਲਿਤ ਟ੍ਰੈਕਟਰ ਤੋਂ ਇਲਾਵਾ ਆਈ ਓ ਟੀ ਕੇਂਦਰਿਤ ਸਿੰਚਾਈ ਅਤੇ ਸੈਂਸਰ ਵਾਲੀ ਖੇਤ ਮਸ਼ੀਨਰੀ ਸਾਹਮਣੇ ਲਿਆਂਦੀ। ਇਸ ਤੋਂ ਇਲਾਵਾ ਵਢਾਈ ਉਪਰੰਤ ਤਕਨਾਲੋਜੀਆਂ ਦਾ ਪੇਟੈਂਟ, ਵਿਕਸਿਤ ਕੋਲਡ ਸਟੋਰੇਜ ਪ੍ਰਬੰਧ ਅਤੇ ਵਾਤਾਵਰਨ ਪੱਖੀ ਬਾਇਓਐਂਜਾਇਮ ਉਤਪਾਦ ਵੀ ਯੂਨੀਵਰਸਿਟੀ ਦੀਆਂ ਤਾਜ਼ਾਤਰੀਨ ਵਿਗਿਆਨਕ ਲੱਭਤਾਂ ਹਨ ਜਿਨ੍ਹਾਂ ਦੀ ਗੱਲ ਖੇਤੀ ਵਿਗਿਆਨ ਦੇ ਖੇਤਰ ਵਿੱਚ ਲਗਾਤਾਰ ਹੋ ਰਹੀ ਹੈ।

ਪਸਾਰ ਗਤੀਵਿਧੀਆਂ ਅਤੇ ਕਿਸਾਨਾਂ ਨਾਲ ਸੰਚਾਰ ਸੰਬੰਧਾਂ ਪੱਖੋਂ ਪੀ. ਏ. ਯੂ. ਦਾ ਕਾਰਜ ਦੁਨੀਆਂ ਭਰ ਲਈ ਆਦਰਸ਼ ਬਣਿਆ ਰਿਹਾ। ਕਿਸਾਨ ਮੇਲਿਆਂ ਤੋਂ ਇਲਾਵਾ ਕ੍ਰਿਸ਼ੀ ਵਿਗਿਆਨ ਕੇਂਦਰ, ਕਿਸਾਨ ਸਲਾਹ ਸੇਵਾ ਕੇਂਦਰ, ਪਿੰਡ ਪੱਧਰੀ ਸਿਖਲਾਈਆਂ ਅਤੇ ਕਿਸਾਨ ਕਲੱਬਾਂ ਦੀਆਂ ਵਿਗਿਆਨਕ ਗੋਸ਼ਟੀਆਂ ਨੇ ਯੂਨੀਵਰਸਿਟੀ ਦੇ ਸੰਪਰਕ ਵਿੱਚ ਆਉਣ ਵਾਲੇ ਕਿਸਾਨਾਂ ਨੂੰ ਵਿਗਿਆਨੀਆਂ ਵਰਗੀ ਚੇਤਨਾ ਨਾਲ ਭਰਪੂਰ ਕੀਤਾ ਹੈ। ਸੰਸਥਾ ਫ਼ਸਲੀ ਵਿਭਿੰਨਤਾ, ਬਦਲਵੇਂ ਫ਼ਸਲੀ ਚੱਕਰ, ਉਤਪਾਦਨ ਅਤੇ ਪੋਸ਼ਣ ਦਾ ਸੁਮੇਲ, ਵਾਤਾਵਰਨ ਪੱਖੀ ਖੇਤੀਬਾੜੀ ਅਤੇ ਕਿਸਾਨੀ ਪਰਿਵਾਰਾਂ ਦੀ ਆਮਦਨ ਵਿੱਚ ਲਗਾਤਾਰ ਵਾਧੇ ਦੇ ਨਾਲ-ਨਾਲ ਸੰਯੁਕਤ ਖੇਤੀ ਪ੍ਰਣਾਲੀ ਵਰਗੇ ਨਵੇਂ ਤਰੀਕੇ ਵੀ ਕਿਸਾਨਾਂ ਤੱਕ ਲਗਾਤਾਰ ਪਹੁੰਚਾ ਰਹੀ ਹੈ। ਪਸਾਰ ਗਤੀਵਿਧੀਆਂ ਦਾ ਇਹ ਕਾਰਜ ਆਪਣੇ ਨਿਰਵਿਘਨ ਰੂਪ ਵਿੱਚ ਕਰੋਨਾ ਕਾਲ ਵਿੱਚ ਵੀ ਜਾਰੀ ਰਿਹਾ। ਡਾ. ਗੋਸਲ ਨੇ ਦੱਸਿਆ ਕਿ 2025 ਦੇ ਭਿਆਨਕ ਹੜ੍ਹਾਂ ਦੌਰਾਨ ਵੀ ਪੀ. ਏ. ਯੂ. ਨੇ ਕਿਸਾਨਾਂ ਲਈ ਬੀਜ ਦਾ ਪ੍ਰਬੰਧ ਕਰਕੇ ਪੰਜਾਬ ਦੀ ਖੇਤੀ ਲੜੀ ਨੂੰ ਲਗਾਤਾਰ ਗਤੀਮਾਨ ਰੱਖਣ ਵਿੱਚ ਆਪਣਾ ਸਹਿਯੋਗ ਕੀਤਾ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਹੁਣ ਹੱਦਾਂ-ਸਰਹੱਦਾਂ ਤੋਂ ਪਾਰ ਦੁਨੀਆਂ ਦੀਆਂ ਸਿਖਰਲੀਆਂ ਸੰਸਥਾਵਾਂ ਨਾਲ ਸਾਂਝ ਦੇ ਸਮਝੌਤੇ ਸਹੀਬੱਧ ਕਰ ਰਹੀ ਹੈ ਤਾਂ ਜੋ ਇੱਥੋਂ ਦੇ ਖੋਜੀਆਂ, ਮਾਹਿਰਾਂ ਅਤੇ ਖਿੱਤੇ ਦੇ ਕਿਸਾਨਾਂ ਤੱਕ ਵਿਕਸਿਤ ਵਿਗਿਆਨ ਦੀ ਸੂਝ ਦਾ ਸੰਚਾਰ ਹੋ ਸਕੇ। ਦੁਨੀਆਂ ਭਰ ਦੀਆਂ ਵੱਡੀਆਂ ਸੰਸਥਾਵਾਂ ਵਿੱਚ ਸੇਵਾਵਾਂ ਨਿਭਾ ਚੁੱਕੇ ਅਤੇ ਵਿਸ਼ਵ ਭੋਜਨ ਪੁਰਸਕਾਰ ਜੇਤੂ ਵਿਗਿਆਨੀ ਯੂਨੀਵਰਸਿਟੀ ਨਾਲ ਮਹਿਮਾਨ ਅਧਿਆਪਕਾਂ ਵਜੋਂ ਜੁੜੇ ਹੋਏ ਹਨ। ਨਾਲ ਹੀ ਪੰਜਾਬ ਦੇ ਪੇਂਡੂ ਨੌਜਵਾਨਾਂ ਦੀ ਮੁਹਾਰਤ ਦੇ ਵਿਕਾਸ ਅਤੇ ਖੇਤੀ ਉੱਦਮ ਨੂੰ ਹੁਲਾਰਾ ਦੇਣ ਲਈ ਸਿਖਲਾਈਆਂ ਦਾ ਅਮੁੱਕ ਸਿਲਸਿਲਾ ਯੂਨੀਵਰਸਿਟੀ ਦਾ ਹਾਲੀਆ ਪ੍ਰਾਪਤੀ ਬਣਿਆ ਹੈ। ਇਸ ਸੰਸਥਾ ਨੇ ਵਿਕਾਸ ਦੀਆਂ ਬਹੁਤ ਸਾਰੀਆਂ ਅਣਦਿਸਦੀਆਂ ਮੰਜ਼ਿਲਾਂ ਅਜੇ ਸਰ ਕਰਨੀਆਂ ਹਨ। ਇਸਲਈ ਲਗਾਤਾਰ ਸਿਦਕ ਅਤੇ ਸਿਰੜ ਨਾਲ ਮਿਹਨਤ ਵਿੱਚ ਲੀਨ ਰਹਿਣ ਦੀ ਲੋੜ ਹੈ। ਖੇਤੀ ਖੇਤਰ ਦੀਆਂ ਮੌਜੂਦਾ ਚੁਣੌਤੀਆਂ ਵਿਗਿਆਨੀਆਂ ਅਤੇ ਖੋਜੀਆਂ ਕੋਲੋਂ ਪਹਿਲਾਂ ਕਿਸੇ ਵੀ ਦੌਰ ਨਾਲੋਂ ਵੱਧ ਸਮਰਪਣ ਦੀ ਮੰਗ ਕਰਦੀਆਂ ਹਨ।

ਕਾਰਪ ਮੱਛੀ ਉਤਪਾਦਨ ਵਧਾਉਣ ਲਈ

ਜੈਵਿਕ, ਅਜੈਵਿਕ ਖਾਦਾਂ ਅਤੇ ਹੋਰ ਇਨਪੁਟਸ ਦੀ ਵਰਤੋਂ ਕਰਕੇ

ਮੱਛੀ ਤਲਾਬ ਦੀ ਖਾਦੀਕਰਨ

ਸਈਅਦ ਸ਼ਬੀਹ ਹਸਨ, ਹਰਿਗੋਬਿੰਦ ਸਿੰਘ ਅਤੇ ਲਾਵਨਿਆ, ਮੱਛੀ ਪਾਲਣ ਸਰੋਤ ਪ੍ਰਬੰਧਨ ਵਿਭਾਗ,
ਫਿਸ਼ਰੀਜ਼ ਕਾਲਜ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ-141004

ਜਾਣ-ਪਛਾਣ

ਐਕੁਆਕਲਚਰ ਖੇਤੀਬਾੜੀ ਵਿਭਿੰਨਤਾ, ਆਮਦਨ ਪੈਦਾ ਕਰਨ ਅਤੇ ਪੌਸ਼ਟਿਕ ਸੁਰੱਖਿਆ ਦੇ ਇੱਕ ਮੁੱਖ ਚਾਲਕ ਵਜੋਂ ਉਭਰਿਆ ਹੈ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ । ਤਾਜ਼ੇ ਪਾਣੀ ਦੇ ਐਕੁਆਕਲਚਰ ਪ੍ਰਣਾਲੀਆਂ ਵਿੱਚ, ਕਾਰਪ ਕਲਚਰ ਆਪਣੀ ਉੱਚ ਉਤਪਾਦਕਤਾ, ਅਨੁਕੂਲਤਾ ਅਤੇ ਪੈਲੀਕਲਚਰ ਲਈ ਅਨੁਕੂਲਤਾ ਦੇ ਕਾਰਨ ਸਭ ਤੋਂ ਵੱਧ ਪ੍ਰਮੁੱਖ ਹੈ । ਹਾਲਾਂਕਿ, ਕਾਰਪ ਫਾਰਮਿੰਗ ਦੀ ਸਫ਼ਲਤਾ ਮੁੱਖ ਤੌਰ 'ਤੇ ਤਾਲਾਬ ਦੀ ਖਾਦ 'ਤੇ ਨਿਰਭਰ ਕਰਦੀ ਹੈ, ਜੋ ਕੁਦਰਤੀ ਭੋਜਨ ਉਤਪਾਦਨ ਨੂੰ ਵਧਾਉਣ ਵਿੱਚ ਕੇਂਦਰੀ ਭੂਮਿਕਾ ਨਿਭਾਉਂਦੀ ਹੈ ।

ਫਰਟੀਲਾਈਜ਼ੇਸ਼ਨ ਫਾਈਟੋਪਲੈਂਕਟਨ ਅਤੇ ਜ਼ੂਪਲੈਂਕਟਨ ਵਰਗੇ ਕੁਦਰਤੀ ਭੋਜਨ ਜੀਵਾਂ ਦੇ ਵਿਕਾਸ ਨੂੰ ਉਤੇਜਿਤ ਕਰਨ ਲਈ ਤਾਲਾਬ ਦੇ ਪਾਣੀ ਅਤੇ ਮਿੱਟੀ ਵਿੱਚ ਪੌਸ਼ਟਿਕ ਤੱਤਾਂ ਦੀ ਵਿਗਿਆਨਕ ਵਰਤੋਂ ਹੈ । ਇਹ ਜੀਵ ਜਲ-ਭੋਜਨ ਲੜੀ ਦਾ ਅਧਾਰ ਬਣਾਉਂਦੇ ਹਨ ਅਤੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਮੱਛੀ ਦੇ ਵਿਕਾਸ ਦਾ ਸਮਰਥਨ ਕਰਦੇ ਹਨ । ਸਹੀ ਖਾਦ ਤੋਂ ਬਿਨਾਂ, ਚੰਗੀ ਤਰ੍ਹਾਂ ਪ੍ਰਬੰਧਿਤ ਤਾਲਾਬ ਦੀ ਸਰਵੋਤਮ ਉਪਜ ਪੈਦਾ ਕਰਨ ਵਿੱਚ ਅਸਫਲ ਹੋ ਸਕਦੇ ਹਨ ।

ਤਾਲਾਬ ਖਾਦ ਜਲ-ਖੇਤੀ ਵਿੱਚ ਇੱਕ ਬੁਨਿਆਦੀ ਪ੍ਰਬੰਧਨ ਅਭਿਆਸ ਹੈ ਜੋ ਕੁਦਰਤੀ ਭੋਜਨ ਉਤਪਾਦਕਤਾ ਨੂੰ ਵਧਾਉਂਦਾ ਹੈ ਅਤੇ ਕਾਰਪ ਦੀ ਉਪਜ ਨੂੰ ਵਧਾਉਂਦਾ ਹੈ, ਖਾਸ ਕਰਕੇ ਘੱਟ-ਇਨਪੁੱਟ ਖੇਤੀ ਪ੍ਰਣਾਲੀਆਂ ਵਿੱਚ । ਖਾਦਾਂ ਫਾਈਟੋਪਲੈਂਕਟਨ, ਜ਼ੂਪਲੈਂਕਟਨ ਅਤੇ ਬੈਂਥਿਕ ਜੀਵਾਂ ਨੂੰ ਉਤੇਜਿਤ ਕਰਦੀਆਂ ਹਨ, ਜੋ ਕਿ ਕਾਰਪ ਪ੍ਰਜਾਤੀਆਂ ਜਿਵੇਂ ਕਿ ਰੋਹੂ, ਕੈਟਲਾ, ਮ੍ਰਿਗਲ, ਆਮ ਕਾਰਪ ਅਤੇ ਘਾਹ ਕਾਰਪ ਲਈ ਕੁਦਰਤੀ ਭੋਜਨ ਅਧਾਰ ਬਣਦੇ ਹਨ । ਕਲਾਉਡ ਈ. ਬੋਇਡ ਦੇ ਅਨੁਸਾਰ, ਤਾਲਾਬ ਖਾਦ ਪੌਸ਼ਟਿਕ ਤੱਤਾਂ ਦੀ ਉਪਲਬਧਤਾ ਅਤੇ ਪ੍ਰਾਇਮਰੀ ਉਤਪਾਦਕਤਾ ਵਿੱਚ ਸੁਧਾਰ ਦੁਆਰਾ ਜਲ-ਖੇਤੀ ਉਤਪਾਦਨ ਨੂੰ ਦੋ ਤੋਂ ਪੰਜ ਗੁਣਾ ਵਧਾ ਸਕਦੀ ਹੈ । ਜੈਵਿਕ ਅਤੇ ਅਜੈਵਿਕ ਖਾਦਾਂ ਦੀ ਸੰਯੁਕਤ ਵਰਤੋਂ ਆਮ ਤੌਰ 'ਤੇ ਇਕੱਲੇ ਸਰੋਤ ਨਾਲੋਂ ਵੱਧ ਮੱਛੀ ਦੀ ਪੈਦਾਵਾਰ ਪੈਦਾ ਕਰਦੀ ਹੈ ।

ਤਲਾਬ ਖਾਦ ਦੀ ਧਾਰਨਾ ਅਤੇ ਮਹੱਤਤਾ

ਮੱਛੀ ਦੇ ਤਲਾਬਾਂ ਵਿੱਚ ਖਾਦ ਪਾਉਣ ਦਾ ਉਦੇਸ਼ ਨਾਈਟ੍ਰੋਜਨ (N), ਫਾਸਫੋਰਸ (P), ਅਤੇ ਪੋਟਾਸ਼ੀਅਮ (K) ਵਰਗੇ ਜ਼ਰੂਰੀ ਪੌਸ਼ਟਿਕ ਤੱਤਾਂ ਦੀ ਸਪਲਾਈ ਕਰਕੇ ਜੈਵਿਕ ਉਤਪਾਦਕਤਾ ਨੂੰ ਵਧਾਉਣਾ ਹੈ । ਇਹ ਪੌਸ਼ਟਿਕ ਤੱਤ ਪਲੈਂਕਟਨ ਦੇ ਵਾਧੇ ਨੂੰ ਉਤਸ਼ਾਹਿਤ ਕਰਦੇ ਹਨ, ਜੋ ਕਾਰਪ ਪ੍ਰਜਾਤੀਆਂ ਲਈ ਕੁਦਰਤੀ ਭੋਜਨ ਵਜੋਂ ਕੰਮ ਕਰਦਾ ਹੈ ।

ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ ਦੇ ਅਨੁਸਾਰ, ਖਾਦ ਫਾਈਟੋਪਲੈਂਟਨ ਅਤੇ ਜ਼ੂਪਲੈਂਕਟਨ ਦੇ ਉਤਪਾਦਨ ਨੂੰ ਵਧਾਉਂਦੇ ਹਨ, ਇੱਕ ਭੋਜਨ ਜਾਲ ਬਣਾਉਂਦੇ ਹਨ ਜੋ ਅੰਤ ਵਿੱਚ ਮੱਛੀ ਦੇ ਵਾਧੇ ਦਾ ਸਮਰਥਨ ਕਰਦਾ ਹੈ । ਖਾਦ ਪਾਉਣ ਨਾਲ ਮੱਛੀ ਦੇ ਉਤਪਾਦਨ ਵਿੱਚ 2-5 ਗੁਣਾ ਵਾਧਾ ਹੋ ਸਕਦਾ ਹੈ ਜੋ ਖਾਦ ਰਹਿਤ ਤਲਾਬਾਂ ਦੇ ਮੁਕਾਬਲੇ ਹੈ ।

ਮੁੱਖ ਲਾਭਾਂ ਵਿੱਚ ਸ਼ਾਮਲ ਹਨ :

★ ਕੁਦਰਤੀ ਭੋਜਨ ਦੀ ਉਪਲਬਧਤਾ ਵਿੱਚ ਵਾਧਾ ।

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 | 9216103075 | 9216103069

★ ਫੀਡ ਦੀ ਲਾਗਤ ਵਿੱਚ ਕਮੀ ।

★ ਮੱਛੀ ਦੇ ਵਾਧੇ ਅਤੇ ਬਚਾਅ ਵਿੱਚ ਸੁਧਾਰ ।

★ ਤਲਾਬਾਂ ਦੀ ਵਧੀ ਹੋਈ ਢੋਣ ਸਮਰੱਥਾ ।

★ ਤਲਾਬਾਂ ਦੇ ਸਰੋਤਾਂ ਦੀ ਬਿਹਤਰ ਵਰਤੋਂ ।

ਕਾਰਪ ਮੱਛੀ ਤਲਾਬਾਂ ਵਿੱਚ ਵਰਤੇ ਜਾਣ ਵਾਲੇ ਖਾਦਾਂ ਦੀਆਂ ਕਿਸਮਾਂ

ਜਲ-ਪਾਲਣ ਵਿੱਚ ਵਰਤੇ ਜਾਣ ਵਾਲੇ ਖਾਦਾਂ ਨੂੰ ਮੋਟੇ ਤੌਰ 'ਤੇ ਸ਼੍ਰੇਣੀਬੱਧ ਕੀਤਾ ਗਿਆ ਹੈ :

ਜੈਵਿਕ ਖਾਦ

ਜੈਵਿਕ ਖਾਦਾਂ ਵਿੱਚ ਪੌਦਿਆਂ ਅਤੇ ਜਾਨਵਰਾਂ ਦੇ ਸਰੋਤਾਂ ਤੋਂ ਪ੍ਰਾਪਤ ਕੁਦਰਤੀ ਸਮੱਗਰੀ ਸ਼ਾਮਲ ਹੁੰਦੀ ਹੈ ।

ਆਮ ਜੈਵਿਕ ਖਾਦ

★ ਗੋਬਰ ।

★ ਪੋਲਟਰੀ ਖਾਦ ।

★ ਸੂਰ ਦੀ ਖਾਦ ।

★ ਖਾਦ ।

★ ਬਾਇਓਗੈਸ ਸਲਰੀ ।

★ ਖੇਤੀਬਾੜੀ ਰਹਿੰਦ-ਖੂੰਹਦ (ਤੇਲ ਦੇ ਕੇਕ, ਫ਼ਸਲਾਂ ਦੀ ਰਹਿੰਦ-ਖੂੰਹਦ) ।

ਵਿਸ਼ੇਸ਼ਤਾਵਾਂ

★ ਜੈਵਿਕ ਪਦਾਰਥ ਅਤੇ ਪੌਸ਼ਟਿਕ ਤੱਤ ਹੁੰਦੇ ਹਨ ।

★ ਸੜਨ ਦੁਆਰਾ ਪੌਸ਼ਟਿਕ ਤੱਤਾਂ ਨੂੰ ਹੌਲੀ-ਹੌਲੀ ਛੱਡਣਾ ।

★ ਮਿੱਟੀ ਦੀ ਬਣਤਰ ਅਤੇ ਸੂਖਮ ਜੀਵਾਣੂ ਗਤੀਵਿਧੀ ਵਿੱਚ ਸੁਧਾਰ ।

★ ਮੱਛੀ ਲਈ ਸਿੱਧੇ ਅਤੇ ਅਸਿੱਧੇ ਭੋਜਨ ਵਜੋਂ ਕੰਮ ਕਰਨਾ ।

ਜੈਵਿਕ ਖਾਦ ਹੀਟਰੋਟ੍ਰੋਫਿਕ ਭੋਜਨ ਲੜੀ ਨੂੰ ਉਤੇਜਿਤ ਕਰਦੇ ਹਨ, ਬੈਕਟੀਰੀਆ, ਡੈਟ੍ਰੀਟਸ ਅਤੇ ਜ਼ੂਪਲੈਂਕਟਨ ਆਬਾਦੀ ਨੂੰ ਵਧਾਉਂਦੇ ਹਨ ।

ਫਾਇਦੇ

★ ਘੱਟ ਲਾਗਤ ਅਤੇ ਸਥਾਨਕ ਤੌਰ 'ਤੇ ਉਪਲਬਧ ।

★ ਤਾਲਾਬ ਦੀ ਉਪਜਾਊ ਸ਼ਕਤੀ ਨੂੰ ਸਥਿਰਤਾ ਨਾਲ ਵਧਾਓ ।

★ ਮੱਛੀਆਂ ਨੂੰ ਸਿੱਧਾ ਭੋਜਨ ਪ੍ਰਦਾਨ ਕਰੋ ।

★ ਤਾਲਾਬ ਦੇ ਵਾਤਾਵਰਣ ਦੀ ਸਥਿਰਤਾ ਵਿੱਚ ਸੁਧਾਰ ਕਰੋ ।

ਸੀਮਾਵਾਂ

★ ਪਰਿਵਰਤਨਸ਼ੀਲ ਪੌਸ਼ਟਿਕ ਤੱਤਾਂ ਦੀ ਰਚਨਾ ।

★ ਪੌਸ਼ਟਿਕ ਤੱਤਾਂ ਦੀ ਹੌਲੀ ਰਿਹਾਈ ।

★ ਸੜਨ ਦੌਰਾਨ ਆਕਸੀਜਨ ਦੀ ਕਮੀ ।

ਅਜੈਵਿਕ (ਰਸਾਇਣਕ) ਖਾਦ

ਅਜੈਵਿਕ ਖਾਦਾਂ ਖਾਸ ਪੌਸ਼ਟਿਕ ਤੱਤਾਂ ਵਾਲੇ ਰਸਾਇਣਾਂ ਤੋਂ ਬਣੀਆਂ ਹੁੰਦੀਆਂ ਹਨ ।

ਆਮ ਅਜੈਵਿਕ ਖਾਦਾਂ

★ ਯੂਰੀਆ (ਨਾਈਟ੍ਰੋਜਨ ਸਰੋਤ) ।

★ ਸਿੰਗਲ ਸੁਪਰ ਫਾਸਫੇਟ (SSP) ।

★ ਟ੍ਰਿਪਲ ਸੁਪਰ ਫਾਸਫੇਟ (TSP) ।

★ ਅਮੋਨੀਅਮ ਸਲਫੇਟ ।

★ NPK ਮਿਸ਼ਰਣ ।

ਵਿਸ਼ੇਸ਼ਤਾਵਾਂ

★ ਉੱਚ ਪੌਸ਼ਟਿਕ ਤੱਤ ਗਾੜ੍ਹਾਪਣ ।

★ ਤੇਜ਼ ਪੌਸ਼ਟਿਕ ਤੱਤ ਉਪਲਬਧਤਾ ।

★ ਆਸਾਨ ਵਰਤੋਂ ਅਤੇ ਸਟੋਰੇਜ ।

ਫਾਸਫੋਰਸ ਅਕਸਰ ਮੱਛੀ ਦੇ ਤਲਾਬਾਂ ਵਿੱਚ ਸਭ ਤੋਂ ਸੀਮਤ ਪੌਸ਼ਟਿਕ ਤੱਤ ਹੁੰਦਾ ਹੈ ਅਤੇ ਪਲੈਂਕਟਨ ਉਤਪਾਦਨ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ ।

ਫਾਇਦੇ

★ ਪਲੈਂਕਟਨ ਦੇ ਵਾਧੇ ਵਿੱਚ ਤੇਜ਼ ਪ੍ਰਤੀਕਿਰਿਆ ।

★ ਸਹੀ ਪੌਸ਼ਟਿਕ ਤੱਤ ਨਿਯੰਤਰਣ ।

★ ਉਤਪਾਦਕਤਾ ਵਧਾਉਣ ਵਿੱਚ ਕੁਸ਼ਲ ।

ਸੀਮਾਵਾਂ

★ ਉੱਚ ਲਾਗਤ ।

★ ਕੋਈ ਸਿੱਧਾ ਭੋਜਨ ਮੁੱਲ ਨਹੀਂ ।

★ ਜ਼ਿਆਦਾ ਵਰਤੋਂ 'ਤੇ ਪਾਣੀ ਦੀ ਗੁਣਵੱਤਾ ਅਸੰਤੁਲਨ ਦਾ ਜੋਖਮ ।

ਹੋਰ ਖਾਦ ਇਨਪੁੱਟ

ਜੈਵਿਕ ਅਤੇ ਅਜੈਵਿਕ ਖਾਦਾਂ ਤੋਂ ਇਲਾਵਾ, ਕਈ ਹੋਰ ਸਮੱਗਰੀਆਂ ਦੀ ਵਰਤੋਂ ਕੀਤੀ ਜਾਂਦੀ ਹੈ :

ਉਦਾਹਰਣਾਂ

★ ਹਰੀ ਖਾਦ (ਜਲ-ਨਦੀਨ, ਅਜ਼ੋਲਾ) ।

★ ਤੇਲ ਦੇ ਕੇਕ (ਸਰ੍ਹੋਂ ਮੂੰਗਫਲੀ) ।

★ ਬੁੱਚੜਖਾਨੇ ਦੀ ਰਹਿੰਦ-ਖੂੰਹਦ ।

★ ਜੈਵਿਕ ਖਾਦ (ਮਾਈਕ੍ਰੋਬਾਇਲ ਟੀਕਾਕਰਨ) ।

ਇਹ ਇਨਪੁਟ ਪੌਸ਼ਟਿਕ ਚੱਕਰ ਲਗਾਉਣ ਵਿੱਚ ਯੋਗਦਾਨ ਪਾਉਂਦੇ ਹਨ ਅਤੇ ਆਟੋਟ੍ਰੋਫਿਕ ਅਤੇ ਹੈਟਰੋਟੋਫਿਕ ਦੋਵਾਂ ਮਾਰਗਾਂ ਰਾਹੀਂ ਉਤਪਾਦਕਤਾ ਵਧਾਉਂਦੇ ਹਨ ।

ਕਾਰਪ ਤਲਾਬਾਂ ਵਿੱਚ ਖਾਦ ਪਾਉਣ ਦੀ ਵਿਧੀ

ਖਾਦ ਪਾਉਣ ਨਾਲ ਹੇਠ ਲਿਖੇ ਮਾਰਗ ਰਾਹੀਂ ਮੱਛੀ ਦੇ ਉਤਪਾਦਨ ਵਿੱਚ ਵਾਧਾ ਹੁੰਦਾ ਹੈ :

ਖਾਦ → ਪੌਸ਼ਟਿਕ ਤੱਤ → ਫਾਈਟੋਪਲੈਂਕਟਨ → ਜ਼ੂਪਲੈਂਕਟਨ → ਮੱਛੀ ।

ਰਸਾਇਣਕ ਖਾਦ ਮੁੱਖ ਤੌਰ 'ਤੇ ਫਾਈਟੋਪਲੈਂਕਟਨ ਉਤਪਾਦਨ ਨੂੰ ਉਤੇਜਿਤ ਕਰਦੇ ਹਨ, ਜਦੋਂ ਕਿ ਜੈਵਿਕ ਖਾਦ ਫਾਈਟੋਪਲੈਂਕਟਨ ਅਤੇ ਡੈਟ੍ਰੀਟਸ-ਅਧਾਰਤ ਭੋਜਨ ਲੜੀ ਦੋਵਾਂ ਦਾ ਸਮਰਥਨ ਕਰਦੇ ਹਨ ।

ਖੋਜ ਦਰਸਾਉਂਦੀ ਹੈ ਕਿ ਰਸਾਇਣਕ ਤੌਰ 'ਤੇ ਖਾਦ ਪਾਏ ਗਏ ਤਲਾਬ ਗੈਰ-ਖਾਦ ਵਾਲੇ ਤਲਾਬਾਂ ਦੇ ਮੁਕਾਬਲੇ 4-5

ਬਾਕੀ ਸਫਾ 6 'ਤੇ

ਅੱਜ ਦੇ ਨੌਜਵਾਨਾਂ ਵਿੱਚ ਮਾਨਸਿਕ ਤੰਦਰੁਸਤੀ

ਡਾ. ਰਿਤੂ ਮਹਲ, ਜਸ਼ਨਪ੍ਰੀਤ ਕੌਰ, ਮਨੁੱਖੀ ਵਿਕਾਸ ਅਤੇ ਪਰਿਵਾਰਕ ਅਧਿਐਨ, ਕਮਿਊਨਿਟੀ ਸਾਇੰਸ ਕਾਲਜ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

ਭੂਮਿਕਾ : ਅੱਜ ਦਾ ਯੁੱਗ ਤੇਜ਼ੀ ਨਾਲ ਬਦਲ ਰਿਹਾ ਹੈ। ਵਿਗਿਆਨ, ਤਕਨਾਲੋਜੀ ਅਤੇ ਸੋਸ਼ਲ ਮੀਡੀਆ ਨੇ ਮਨੁੱਖੀ ਜੀਵਨ ਨੂੰ ਬਹੁਤ ਆਸਾਨ ਬਣਾਇਆ ਹੈ, ਪਰ ਇਸ ਦੇ ਨਾਲ ਹੀ ਨੌਜਵਾਨਾਂ ਦੇ ਜੀਵਨ ਵਿੱਚ ਮਾਨਸਿਕ ਦਬਾਅ ਵੀ ਕਾਫ਼ੀ ਵੱਧ ਗਿਆ ਹੈ। ਪੜ੍ਹਾਈ ਦਾ ਬੋਝ, ਕੈਰੀਅਰ ਦੀ ਚਿੰਤਾ, ਪਰਿਵਾਰਕ ਉਮੀਦਾਂ, ਸੋਸ਼ਲ ਮੀਡੀਆ ਦਾ ਪ੍ਰਭਾਵ ਅਤੇ ਬਦਲਦੀ ਜੀਵਨ-ਸ਼ੈਲੀ ਨੌਜਵਾਨਾਂ ਦੀ ਮਾਨਸਿਕ ਸਿਹਤ 'ਤੇ ਡੂੰਘਾ ਅਸਰ ਪਾ ਰਹੇ ਹਨ। ਇਸ ਲਈ ਅੱਜ ਦੇ ਸਮੇਂ ਵਿੱਚ ਮਾਨਸਿਕ ਤੰਦਰੁਸਤੀ ਦੀ ਮਹੱਤਤਾ ਪਹਿਲਾਂ ਨਾਲੋਂ ਕਈ ਗੁਣਾ ਵੱਧ ਗਈ ਹੈ।



ਮਾਨਸਿਕ ਤੰਦਰੁਸਤੀ ਦਾ ਅਰਥ ਸਿਰਫ਼ ਮਾਨਸਿਕ ਬਿਮਾਰੀ ਦਾ ਨਾ ਹੋਣਾ ਨਹੀਂ ਹੈ, ਸਗੋਂ ਇਹ ਇੱਕ ਅਜਿਹੀ ਸਥਿਤੀ ਹੈ ਜਿਸ ਵਿੱਚ ਵਿਅਕਤੀ ਆਪਣੀਆਂ ਭਾਵਨਾਵਾਂ ਨੂੰ ਸਮਝਦਾ ਹੈ, ਤਣਾਅ ਦਾ ਸਹੀ ਢੰਗ ਨਾਲ ਸਾਹਮਣਾ ਕਰਦਾ ਹੈ, ਚੰਗੇ ਫ਼ੈਸਲੇ ਲੈਂਦਾ ਹੈ ਅਤੇ ਸਮਾਜ ਵਿੱਚ ਆਪਣਾ ਸਕਾਰਾਤਮਕ ਯੋਗਦਾਨ ਪਾਉਂਦਾ ਹੈ।

ਨੌਜਵਾਨਾਂ ਦੀ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨ : ਅੱਜ ਦੇ ਨੌਜਵਾਨ ਸਾਹਮਣੇ ਕਈ ਤਰ੍ਹਾਂ ਦੀਆਂ ਚੁਣੌਤੀਆਂ ਹਨ। ਸਭ ਤੋਂ ਵੱਡਾ ਕਾਰਨ ਪੜ੍ਹਾਈ ਅਤੇ ਮੁਕਾਬਲੇ ਦਾ ਵੱਧਦਾ ਦਬਾਅ ਹੈ। ਚੰਗੇ ਅੰਕ ਲਿਆਉਣ, ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸਫ਼ਲ ਹੋਣ ਅਤੇ ਆਪਣੇ ਕੈਰੀਅਰ ਨੂੰ ਸੁਰੱਖਿਅਤ ਬਣਾਉਣ ਦੀ ਚਿੰਤਾ ਕਈ ਵਿਦਿਆਰਥੀਆਂ ਵਿੱਚ ਤਣਾਅ ਅਤੇ ਚਿੰਤਾ ਪੈਦਾ ਕਰਦੀ ਹੈ।

ਸੋਸ਼ਲ ਮੀਡੀਆ ਵੀ ਮਾਨਸਿਕ ਸਿਹਤ 'ਤੇ ਮਹੱਤਵਪੂਰਨ ਪ੍ਰਭਾਵ ਪਾਉਂਦਾ ਹੈ। ਦੂਜਿਆਂ ਨਾਲ ਆਪਣੀ ਤੁਲਨਾ ਕਰਨਾ, ਲਾਈਕਸ ਅਤੇ ਫਾਲੋਅਰਜ਼ ਦੀ ਦੌੜ, ਸਾਈਬਰ ਬੁਲੀਇੰਗ ਅਤੇ ਹਰ ਸਮੇਂ ਆਨਲਾਈਨ ਰਹਿਣ ਦੀ ਆਦਤ ਨੌਜਵਾਨਾਂ ਵਿੱਚ ਇਕੱਲਾਪਣ, ਘੱਟ ਆਤਮ-ਵਿਸ਼ਵਾਸ ਅਤੇ ਡਿਪ੍ਰੈਸ਼ਨ ਵਰਗੀਆਂ ਸਮੱਸਿਆਵਾਂ ਨੂੰ ਜਨਮ ਦੇ ਸਕਦੀ ਹੈ।

ਇਸ ਤੋਂ ਇਲਾਵਾ ਪਰਿਵਾਰਕ ਸਮੱਸਿਆਵਾਂ, ਬੇਰੁਜ਼ਗਾਰੀ, ਆਰਥਿਕ ਚਿੰਤਾਵਾਂ, ਰਿਸ਼ਤਿਆਂ ਵਿੱਚ ਤਣਾਅ ਅਤੇ ਭਵਿੱਖ ਦੀ ਅਨਿਸ਼ਚਿਤਤਾ ਵੀ ਨੌਜਵਾਨਾਂ ਦੀ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰਦੀਆਂ ਹਨ।

ਮਾਨਸਿਕ ਤੰਦਰੁਸਤੀ ਦਾ ਮਹੱਤਵ : ਚੰਗੀ ਮਾਨਸਿਕ ਸਿਹਤ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹੈ। ਇਹ ਉਨ੍ਹਾਂ ਨੂੰ ਆਤਮ-ਵਿਸ਼ਵਾਸੀ, ਜ਼ਿੰਮੇਵਾਰ ਅਤੇ ਸਕਾਰਾਤਮਕ ਸੋਚ ਵਾਲਾ ਬਣਾਉਂਦੀ ਹੈ। ਮਾਨਸਿਕ ਤੌਰ 'ਤੇ ਤੰਦਰੁਸਤ ਨੌਜਵਾਨ ਪੜ੍ਹਾਈ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹਨ, ਰਿਸ਼ਤਿਆਂ ਨੂੰ ਮਜ਼ਬੂਤ ਬਣਾਉਂਦੇ ਹਨ ਅਤੇ ਜੀਵਨ ਦੀਆਂ ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰਦੇ ਹਨ। ਮਾਨਸਿਕ ਤੰਦਰੁਸਤੀ ਸਰੀਰਕ ਸਿਹਤ ਨਾਲ ਵੀ ਜੁੜੀ ਹੋਈ ਹੈ। ਘੱਟ ਤਣਾਅ ਕਾਰਨ ਨੀਂਦ ਚੰਗੀ ਆਉਂਦੀ ਹੈ, ਰੋਗ-ਪ੍ਰਤੀਰੋਧਕ ਸਮਰੱਥਾ ਵਧਦੀ ਹੈ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ।

ਮਾਨਸਿਕ ਤੰਦਰੁਸਤੀ ਨੂੰ ਵਧਾਉਣ ਦੇ ਉਪਾਅ : ਮਾਨਸਿਕ ਤੰਦਰੁਸਤੀ ਨੂੰ ਬਿਹਤਰ ਬਣਾਉਣ ਲਈ ਪਰਿਵਾਰ, ਸਕੂਲ, ਕਾਲਜ ਅਤੇ ਸਮਾਜ ਸਾਰਿਆਂ ਦੀ ਭੂਮਿਕਾ ਮਹੱਤਵਪੂਰਨ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਖੁੱਲ੍ਹ ਕੇ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਣਾ ਚਾਹੀਦਾ ਹੈ।

ਵਿਦਿਅਕ ਸੰਸਥਾਵਾਂ ਵਿੱਚ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪ੍ਰੋਗਰਾਮ, ਕਾਉਂਸਲਿੰਗ ਸੇਵਾਵਾਂ ਅਤੇ ਤਣਾਅ ਪ੍ਰਬੰਧਨ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਣਾ ਚਾਹੀਦਾ ਹੈ।

ਨੌਜਵਾਨਾਂ ਨੂੰ ਨਿਯਮਿਤ ਕਸਰਤ, ਸੰਤੁਲਿਤ ਭੋਜਨ, ਪੂਰੀ ਨੀਂਦ, ਯੋਗ, ਧਿਆਨ ਅਤੇ ਮਨਪਸੰਦ ਗਤੀਵਿਧੀਆਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਸੋਸ਼ਲ ਮੀਡੀਆ ਦੀ ਵਰਤੋਂ ਸੀਮਿਤ ਰੱਖਣੀ ਚਾਹੀਦੀ ਹੈ ਅਤੇ ਪਰਿਵਾਰ ਦੇ ਦੋਸਤਾਂ ਨਾਲ ਸਮਾਂ ਬਿਤਾਉਣਾ ਚਾਹੀਦਾ ਹੈ।

ਜੇਕਰ ਕਿਸੇ ਨੂੰ ਲੰਬੇ ਸਮੇਂ ਤੱਕ ਉਦਾਸੀ, ਚਿੰਤਾ ਜਾਂ ਤਣਾਅ ਮਹਿਸੂਸ ਹੋਵੇ ਤਾਂ ਬਿਨਾਂ ਝਿਜਕ ਮਾਨਸਿਕ ਸਿਹਤ ਮਾਹਿਰ ਜਾਂ ਕਾਉਂਸਲਰ ਦੀ ਸਲਾਹ ਲੈਣੀ ਚਾਹੀਦੀ ਹੈ।

ਸਮਾਜ ਦੀ ਭੂਮਿਕਾ : ਮਾਨਸਿਕ ਸਿਹਤ ਪ੍ਰਤੀ ਜਾਗਰੂਕਤਾ ਫੈਲਾਉਣਾ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਸਾਨੂੰ ਮਾਨਸਿਕ ਬਿਮਾਰੀਆਂ ਨਾਲ ਜੁੜੇ ਭਰਮ ਅਤੇ ਕਲੰਕ ਨੂੰ ਦੂਰ ਕਰਨਾ ਚਾਹੀਦਾ ਹੈ। ਨੌਜਵਾਨਾਂ ਨੂੰ ਅਜਿਹਾ ਮਾਹੌਲ ਮਿਲਣਾ ਚਾਹੀਦਾ ਹੈ ਜਿੱਥੇ ਉਹ ਬਿਨਾਂ ਡਰ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰ ਸਕਣ ਅਤੇ ਲੋੜ ਪੈਣ 'ਤੇ ਸਹਾਇਤਾ ਪ੍ਰਾਪਤ ਕਰ ਸਕਣ।

ਸਿੱਟਾ : ਮਾਨਸਿਕ ਤੰਦਰੁਸਤੀ ਇੱਕ ਸਿਹਤਮੰਦ, ਖੁਸ਼ਹਾਲ ਅਤੇ ਸਫ਼ਲ ਜੀਵਨ ਦੀ ਨੀਂਹ ਹੈ। ਅੱਜ ਦੇ ਨੌਜਵਾਨ ਦੇਸ਼ ਦਾ ਭਵਿੱਖ ਹਨ, ਇਸ ਲਈ ਉਨ੍ਹਾਂ ਦੀ ਮਾਨਸਿਕ ਸਿਹਤ ਦੀ ਸੰਭਾਲ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਪਰਿਵਾਰ, ਅਧਿਆਪਕ, ਸਿਹਤ ਮਾਹਿਰ ਅਤੇ ਸਮਾਜ ਮਿਲ ਕੇ ਅਜਿਹਾ ਮਾਹੌਲ ਤਿਆਰ ਕਰਨ ਜਿੱਥੇ ਹਰ ਨੌਜਵਾਨ ਆਪਣੇ ਆਪ ਨੂੰ ਸੁਰੱਖਿਅਤ, ਆਤਮ-ਵਿਸ਼ਵਾਸੀ ਅਤੇ ਪ੍ਰੇਰਿਤ ਮਹਿਸੂਸ ਕਰੇ। ਇੱਕ ਮਾਨਸਿਕ ਤੌਰ 'ਤੇ ਤੰਦਰੁਸਤ ਨੌਜਵਾਨ ਹੀ ਇੱਕ ਮਜ਼ਬੂਤ ਪਰਿਵਾਰ, ਸਿਹਤਮੰਦ ਸਮਾਜ ਅਤੇ ਵਿਕਸਤ ਰਾਸ਼ਟਰ ਦੀ ਨੀਂਹ ਰੱਖ ਸਕਦਾ ਹੈ।

ਬਾਕੀ ਸਫ਼ਾ 5 ਦੀ

ਕਾਰਪ ਮੱਛੀ ਉਤਪਾਦਨ ਵਧਾਉਣ ਲਈ...

ਗੁਣਾ ਜ਼ਿਆਦਾ ਫਾਈਟੋਪਲੈਂਕਟਨ ਪੈਦਾ ਕਰ ਸਕਦੇ ਹਨ।

ਕਾਰਪ ਕਲਚਰ ਵਿੱਚ ਖਾਦ ਪਾਉਣ ਦੇ ਤਰੀਕੇ :

★ ਸਟਾਕਿੰਗ ਤੋਂ ਪਹਿਲਾਂ ਖਾਦ ਪਾਉਣਾ।

★ ਜੈਵਿਕ ਖਾਦ ਲਗਾਓ (ਜਿਵੇਂ ਕਿ ਗੋਬਰ 1,000-5,000 ਕਿਲੋਗ੍ਰਾਮ/ਹੈਕਟੇਅਰ)।

★ pH ਨੂੰ ਅਨੁਕੂਲ ਕਰਨ ਲਈ ਚੂਨਾ ਲਗਾਓ।

★ ਸਟਾਕਿੰਗ ਤੋਂ 10-15 ਦਿਨ ਪਹਿਲਾਂ ਖਾਦ ਪਾਓ।

ਇਹ ਪਲੈਂਕਟਨ ਦੇ ਫੁੱਲ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਸਟਾਕਿੰਗ 'ਤੇ ਭੋਜਨ ਦੀ ਉਪਲਬਧਤਾ ਨੂੰ ਯਕੀਨੀ ਬਣਾਉਂਦਾ ਹੈ।

ਸਟਾਕਿੰਗ ਤੋਂ ਬਾਅਦ ਖਾਦ ਪਾਉਣਾ

★ ਹਫ਼ਤਾਵਾਰੀ ਜਾਂ ਪੰਦਰਵਾੜੇ ਦੇ ਅੰਤਰਾਲਾਂ 'ਤੇ ਨਿਯਮਿਤ ਤੌਰ 'ਤੇਖਾਦ ਪਾਓ।

★ 25-40 ਸੈਂਟੀਮੀਟਰ ਪਾਣੀ ਦੀ ਪਾਰਦਰਸ਼ਤਾ ਬਣਾਈ ਰੱਖੋ।

★ ਮੱਛੀ ਦੇ ਵਿਵਹਾਰ ਅਤੇ ਪਾਣੀ ਦੀ ਗੁਣਵੱਤਾ ਦੀ ਨਿਗਰਾਨੀ ਕਰੋ।

ਨਿਰੰਤਰ ਪੌਸ਼ਟਿਕ ਤੱਤਾਂ ਦੀ ਸਪਲਾਈ ਬਣਾਈ ਰੱਖਣ ਲਈ ਜੈਵਿਕ ਖਾਦਾਂ ਨੂੰ ਅਕਸਰ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਖਾਦ ਦੀ ਖੁਰਾਕ ਅਤੇ ਸਮਾਂ-ਸਾਰਣੀ

ਕਾਰਪ ਕਲਚਰ ਲਈ ਆਮ ਸਿਫਾਰਸ਼ ਕੀਤੀਆਂ ਖੁਰਾਕਾਂ :

★ **ਨਾਈਟ੍ਰੋਜਨ** : 100-200 ਕਿਲੋਗ੍ਰਾਮ/ਹੈਕਟੇਅਰ/ਸਾਲ।

★ **ਫਾਸਫੋਰਸ** : 50-100 ਕਿਲੋਗ੍ਰਾਮ/ਹੈਕਟੇਅਰ/ਸਾਲ।

★ **ਪੋਟਾਸ਼ੀਅਮ** : 25-50 ਕਿਲੋਗ੍ਰਾਮ/ਹੈਕਟੇਅਰ/ਸਾਲ।

ਜੈਵਿਕ ਖਾਦ (ਜਿਵੇਂ ਕਿ ਗੋਬਰ) :

★ ਘੱਟ ਉਪਜਾਊ ਤਲਾਬਾਂ ਵਿੱਚ 20-30 ਟਨ/ਹੈਕਟੇਅਰ/ਸਾਲ।

ਬਿਹਤਰ ਕੁਸ਼ਲਤਾ ਲਈ ਖਾਦਾਂ ਨੂੰ ਵੰਡੀਆਂ ਖੁਰਾਕਾਂ ਵਿੱਚ ਲਾਗੂ ਕੀਤਾ ਜਾਂਦਾ ਹੈ।

ਜੈਵਿਕ ਅਤੇ ਅਜੈਵਿਕ ਖਾਦਾਂ ਦੀ ਏਕੀਕ੍ਰਿਤ ਵਰਤੋਂ

ਜੈਵਿਕ ਅਤੇ ਅਜੈਵਿਕ ਖਾਦਾਂ ਦੀ ਸੰਯੁਕਤ ਵਰਤੋਂ ਨੂੰ ਸਭ ਤੋਂ ਪ੍ਰਭਾਵਸ਼ਾਲੀ ਰਣਨੀਤੀ ਮੰਨਿਆ ਜਾਂਦਾ ਹੈ।

★ ਜੈਵਿਕ ਖਾਦ ਪੌਸ਼ਟਿਕ ਤੱਤਾਂ ਅਤੇ ਜੈਵਿਕ ਪਦਾਰਥਾਂ ਦਾ ਅਧਾਰ ਪ੍ਰਦਾਨ ਕਰਦੇ ਹਨ।

★ ਅਜੈਵਿਕ ਖਾਦਾਂ ਤੇਜ਼-ਕਿਰਿਆਸ਼ੀਲ ਪੌਸ਼ਟਿਕ ਤੱਤਾਂ ਦੀ ਸਪਲਾਈ ਕਰਦੀਆਂ ਹਨ।

ਅਧਿਐਨ ਦਰਸਾਉਂਦੇ ਹਨ ਕਿ ਸੰਯੁਕਤ ਖਾਦ ਕਿਸੇ ਵੀ ਕਿਸਮ ਦੀ ਇਕੱਲੇ ਵਰਤੋਂ ਨਾਲੋਂ ਵੱਧ ਉਪਜ ਪੈਦਾ ਕਰਦੀ ਹੈ।

ਏਕੀਕਰਨ ਦੇ ਲਾਭ

★ ਸੰਤੁਲਿਤ ਪੌਸ਼ਟਿਕ ਤੱਤਾਂ ਦੀ ਸਪਲਾਈ।

★ ਪਲੈਂਕਟਨ ਵਿਭਿੰਨਤਾ ਵਿੱਚ ਸੁਧਾਰ।

★ ਮੱਛੀਆਂ ਦੇ ਵਾਧੇ ਵਿੱਚ ਵਾਧਾ।

★ ਪਾਣੀ ਦੀ ਗੁਣਵੱਤਾ ਵਿੱਚ ਬਿਹਤਰ ਸਥਿਰਤਾ।

ਕਾਰਪ ਉਤਪਾਦਨ ਵਿੱਚ ਖਾਦ ਦੀ ਭੂਮਿਕਾ

ਖਾਦ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੀ ਹੈ :

ਪਲੈਂਕਟਨ ਉਤਪਾਦਨ

ਪਲੈਂਕਟਨ ਕਾਰਪ ਲਈ ਮੁੱਖ ਕੁਦਰਤੀ ਭੋਜਨ ਹੈ। ਖਾਦ ਪਾਉਣ ਨਾਲ ਪਲੈਂਕਪਟਨ ਦੀ ਘਣਤਾ ਵਧਦੀ ਹੈ, ਜਿਸ ਨਾਲ ਮੱਛੀਆਂ ਦਾ ਵਿਕਾਸ ਬਿਹਤਰ ਹੁੰਦਾ ਹੈ।

ਚੁੱਕਣ ਦੀ ਸਮਰੱਥਾ

ਖਾਦ ਪਾਉਣ ਵਾਲੇ ਤਲਾਅ ਮੱਛੀਆਂ ਦੇ ਭੰਡਾਰਨ ਦੀ ਉੱਚ ਘਣਤਾ ਦਾ ਸਮਰਥਨ ਕਰ ਸਕਦੇ ਹਨ।

ਵਾਧਾ ਅਤੇ ਉਪਜ

ਖੋਜ ਦਰਸਾਉਂਦੀ ਹੈ ਕਿ ਪੋਲਟਰੀ ਖਾਦ ਸਿਰਫ਼ ਗੋਬਰ ਦੇ ਮੁਕਾਬਲੇ ਪਲੈਂਕਟਨ ਅਤੇ ਕਾਰਪ ਦੇ ਵਿਕਾਸ ਵਿੱਚ ਕਾਫ਼ੀ ਸੁਧਾਰ ਕਰਦੀ ਹੈ।

ਫੀਡ ਲਾਗਤ ਵਿੱਚ ਕਮੀ

ਕੁਦਰਤੀ ਭੋਜਨ ਨਕਲੀ ਫੀਡ 'ਤੇ ਨਿਰਭਰਤਾ ਘਟਾਉਂਦਾ ਹੈ।

ਖਾਦ ਪਾਉਣ ਦੌਰਾਨ ਪਾਣੀ ਦੀ ਗੁਣਵੱਤਾ ਪ੍ਰਬੰਧਨ

ਸਹੀ ਖਾਦ ਪਾਉਣ ਨਾਲ ਪਾਣੀ ਦੀ ਗੁਣਵੱਤਾ ਬਣਾਈ ਰੱਖਣੀ ਚਾਹੀਦੀ ਹੈ :

ਪੈਰਾਮੀਟਰ ਆਦਰਸ਼ ਰੇਂਜ।

ਘੁਲੀ ਹੋਈ ਆਕਸੀਜਨ >5 ਮਿਲੀਗ੍ਰਾਮ/ਲੀ.।

pH 6.5-8.5

ਪਾਰਦਸ਼ਤਾ 25-40 ਸੈਂਟੀਮੀਟਰ।

ਜ਼ਿਆਦਾ ਖਾਦ ਪਾਉਣ ਨਾਲ ਇਹ ਹੋ ਸਕਦਾ ਹੈ :

★ ਆਕਸੀਜਨ ਦੀ ਕਮੀ।

★ ਐਲਗਲ ਫੁੱਲ।

★ ਮੱਛੀ ਦੀ ਮੌਤ।

ਕਿਸਾਨਾਂ ਨੂੰ ਨਿਯਮਿਤ ਤੌਰ 'ਤੇ ਪਾਣੀ ਦੀਆਂ ਸਥਿਤੀਆਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ।

ਖਾਦ ਪਾਉਣ ਵਿੱਚ ਸਾਵਧਾਨੀਆਂ

★ ਖਾਦਾਂ ਦੀ ਜ਼ਿਆਦਾ ਵਰਤੋਂ ਨਾ ਕਰੋ।

★ ਬੱਦਲਵਾਈ ਵਾਲੇ ਮੌਸਮ ਦੌਰਾਨ ਵਰਤੋਂ ਤੋਂ ਬਚੋ।

★ ਮੱਛੀਆਂ ਦੇ ਵਿਵਹਾਰ ਦੀ ਨਿਗਰਾਨੀ ਕਰੋ (ਹਾਸਣਾ ਘੱਟ ਆਕਸੀਜਨ ਨੂੰ ਦਰਸਾਉਂਦਾ ਹੈ)।

★ ਬਿਹਤਰ ਕੁਸ਼ਲਤਾ ਲਈ ਖਾਦਾਂ ਨੂੰ ਘੁਲਣਸ਼ੀਲ ਰੂਪ ਵਿੱਚ ਲਾਗੂ ਕਰੋ।

★ ਚੂਨਾ ਲਗਾਉਣ ਦੇ ਨਾਲ ਖਾਦ ਨੂੰ ਜੋੜੋ।

ਖੇਤੀਬਾੜੀ ਨਾਲ ਏਕੀਕਰਨ

ਮੱਛੀ ਤਲਾਬ ਦੀ ਖਾਦ ਖੇਤੀ ਪ੍ਰਣਾਲੀਆਂ ਨਾਲ ਚੰਗੀ ਤਰ੍ਹਾਂ ਮੇਲ ਖਾਂਦੀ ਹੈ :

★ ਪਸ਼ੂਆਂ ਦੀ ਖਾਦ ਨੂੰ ਖਾਦ ਵਜੋਂ ਵਰਤੋਂ।

★ ਫ਼ਸਲਾਂ ਦੀ ਰਹਿੰਦ-ਖੂੰਹਦ ਅਤੇ ਰਹਿੰਦ-ਖੂੰਹਦ ਦੀ ਵਰਤੋਂ ਕਰੋ।

★ ਮੱਛੀ ਨੂੰ ਪੋਲਟਰੀ ਅਤੇ ਪਸ਼ੂਆਂ ਨਾਲ ਜੋੜੋ।

ਇਹ ਰਹਿੰਦ-ਖੂੰਹਦ ਨੂੰ ਘਟਾਉਂਦਾ ਹੈ ਅਤੇ ਖੇਤੀ ਲਾਭਕਾਰੀਤਾ ਨੂੰ ਵਧਾਉਂਦਾ ਹੈ।

ਕਿਸਾਨਾਂ ਦੇ ਵਿਕਾਸ ਵਿੱਚ ਭੂਮਿਕਾ

ਤਾਲਾਬ ਦੀ ਖਾਦ ਪਾਉਣ ਵਿੱਚ ਯੋਗਦਾਨ ਪਾਉਂਦਾ ਹੈ :

★ ਮੱਛੀ ਉਤਪਾਦਨ ਅਤੇ ਆਮਦਨ ਵਿੱਚ ਵਾਧਾ।

★ ਰੁਜ਼ਗਾਰ ਪੈਦਾ ਕਰਨਾ।

★ ਕੁਸ਼ਲ ਸਰੋਤ ਉਪਯੋਗ।

★ ਟਿਕਾਊ ਜਲ-ਪਾਲਣ ਅਭਿਆਸ।

ਇਹ ਘੱਟ ਲਾਗਤ ਵਾਲੇ ਸੁਭਾਅ ਦੇ ਕਾਰਨ ਛੋਟੇ ਕਿਸਾਨਾਂ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਹੈ।

ਚੁਣੌਤੀਆਂ ਅਤੇ ਭਵਿੱਖ ਦਾ ਦਾਇਰਾ

ਚੁਣੌਤੀਆਂ

★ ਕਿਸਾਨਾਂ ਵਿੱਚ ਜਾਗਰੂਕਤਾ ਦੀ ਘਾਟ।

★ ਗਲਤ ਖਾਦ ਦੀ ਵਰਤੋਂ।

★ ਪਾਣੀ ਦੀ ਗੁਣਵੱਤਾ ਦਾ ਕੁਪ੍ਰਬੰਧ।

ਭਵਿੱਖ ਦਾ ਦਾਇਰਾ

★ ਜੈਵਿਕ ਖਾਦਾਂ ਦੀ ਵਰਤੋਂ।

★ ਸ਼ੁੱਧਤਾ ਜਲ-ਪਾਲਣ।

★ ਏਕੀਕ੍ਰਿਤ ਪੌਸ਼ਟਿਕ ਪ੍ਰਬੰਧਨ।

ਸਿੱਟਾ

ਜੈਵਿਕ, ਅਜੈਵਿਕ ਅਤੇ ਹੋਰ ਪੌਸ਼ਟਿਕ ਸਰੋਤਾਂ ਦੀ ਵਰਤੋਂ ਕਰਕੇ ਮੱਛੀ ਤਲਾਬ ਦੀ ਖਾਦ ਸਫ਼ਲ ਕਾਰਪ ਕਲਚਰ ਦਾ ਅਧਾਰ ਹੈ। ਇਹ ਕੁਦਰਤੀ ਭੋਜਨ ਉਤਪਾਦਨ ਨੂੰ ਵਧਾਉਂਦਾ ਹੈ, ਮੱਛੀ ਦੇ ਵਿਕਾਸ ਨੂੰ ਬਿਹਤਰ ਬਣਾਉਂਦਾ ਹੈ, ਅਤੇ ਸਮੁੱਚੀ ਤਾਲਾਬ ਉਤਪਾਦਕਤਾ ਨੂੰ ਵਧਾਉਂਦਾ ਹੈ। ਜੈਵਿਕ ਖਾਦ ਸਥਿਰਤਾ ਅਤੇ ਲਾਗਤ-ਪ੍ਰਭਾਵ ਪ੍ਰਦਾਨ ਕਰਦੇ ਹਨ, ਜਦੋਂ ਕਿ ਅਜੈਵਿਕ ਖਾਦ ਤੇਜ਼ੀ ਨਾਲ ਪੌਸ਼ਟਿਕ ਉਪਲਬਧਤਾ ਪ੍ਰਦਾਨ ਕਰਦੇ ਹਨ। ਦੋਵਾਂ ਦੀ ਏਕੀਕ੍ਰਿਤ ਵਰਤੋਂ ਵੱਧ ਤੋਂ ਵੱਧ ਕੁਸ਼ਲਤਾ ਅਤੇ ਸੰਤੁਲਿਤ ਤਾਲਾਬ ਵਾਤਾਵਰਣ ਨੂੰ ਯਕੀਨੀ ਬਣਾਉਂਦੀ ਹੈ।

ਕਿਸਾਨਾਂ ਲਈ, ਖਾਸ ਕਰਕੇ ਪੇਂਡੂ ਅਤੇ ਸਰੋਤ-ਸੀਮਤ ਸੈਟਿੰਗਾਂ ਵਿੱਚ, ਭਾਰੀ ਨਿਵੇਸ਼ ਤੋਂ ਬਿਨਾਂ ਮੱਛੀ ਉਤਪਾਦਨ ਨੂੰ ਵਧਾਉਣ ਲਈ ਖਾਦ ਇੱਕ ਸ਼ਕਤੀਸ਼ਾਲੀ ਸਾਧਨ ਹੈ। ਸਹੀ ਗਿਆਨ, ਵਿਗਿਆਨਕ ਉਪਯੋਗ ਅਤੇ ਵਿਸਥਾਰ ਸਹਾਇਤਾ ਦੇ ਨਾਲ, ਤਾਲਾਬ ਦੀ ਖਾਦ ਖੇਤੀਬਾੜੀ ਵਿਕਾਸ, ਭੋਜਨ ਸੁਰੱਖਿਆ ਅਤੇ ਪੇਂਡੂ ਖੁਸ਼ਹਾਲੀ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦੀ ਹੈ।

ਨਰਮੇ ਤੋਂ ਵਧੀਆ ਕਮਾਈ ਲਈ ਖਾਦ-ਪਾਣੀ ਦਾ ਰੱਖੋ ਖਿਆਲ

ਤੇਜਬੀਰ ਸਿੰਘ ਬੁੱਟਰ ਅਤੇ ਗੁਰਮੀਤ ਸਿੰਘ ਢਿੱਲੋਂ,
ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ (ਮੋਬਾਇਲ : 96460-00730)

ਨਰਮਾ-ਕਪਾਹ ਪੰਜਾਬ ਦੀ ਮਹੱਤਵਪੂਰਨ ਵਪਾਰਕ ਫ਼ਸਲ ਹੈ। ਇਸ ਦੀ ਕਾਸ਼ਤ ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਬਠਿੰਡਾ, ਮਾਨਸਾ, ਫ਼ਾਜ਼ਿਲਕਾ, ਮੁਕਤਸਰ, ਫ਼ਰੀਦਕੋਟ, ਸੰਗਰੂਰ ਅਤੇ ਬਰਨਾਲਾ ਵਿੱਚ ਕੀਤੀ ਜਾਂਦੀ ਹੈ। ਇਹਨਾਂ ਜ਼ਿਲ੍ਹਿਆਂ ਵਿੱਚ ਫ਼ਸਲੀ ਵਿਭਿੰਨਤਾ ਲਈ ਨਰਮਾ-ਕਪਾਹ ਇੱਕ ਵਧੀਆ ਵਿਕਲਪ ਹੈ। ਪ੍ਰੰਤੂ ਪਿਛਲੇ ਸਮੇਂ ਦੌਰਾਨ ਕੁੱਝ ਮੁਸ਼ਕਿਲਾਂ ਆਉਣ ਕਰਕੇ ਨਰਮੇ ਦਾ ਰਕਬਾ ਦਿਨੋਂ ਦਿਨ ਘੱਟਦਾ ਜਾ ਰਿਹਾ ਹੈ। ਨਰਮੇ ਦੀ ਫ਼ਸਲ ਤੋਂ ਭਰਪੂਰ ਫਾਇਦਾ ਲੈਣ ਲਈ ਇਸ ਚਿੱਟੇ ਸੋਨੇ ਦਾ ਵਧੀਆ ਤਰੀਕੇ ਨਾਲ ਪਾਲਣ ਪੋਸ਼ਣ ਕਰਨਾ ਅਤੇ ਫ਼ਸਲ ਦੀ ਸੁਚੱਜੀ ਦੇਖ ਰੇਖ ਕਰਨੀ, ਅਤੀ ਜ਼ਰੂਰੀ ਹੈ। ਇਸ ਸਬੰਧ ਵਿੱਚ ਹੇਠ ਲਿਖੇ ਕੁੱਝ ਨੁਕਤੇ ਬਹੁਤ ਹੀ ਕਾਰਗਰ ਹੋ ਸਕਦੇ ਹਨ।

ਖਾਦ-ਖੁਰਾਕ ਪ੍ਰਬੰਧਨ : ਪੋਟਾਸ਼ੀਅਮ ਨਾਈਟ੍ਰੇਟ (13:0:45) ਦੀ ਵਰਤੋਂ : ਨਰਮੇ ਤੋਂ ਵਧੇਰੇ ਝਾੜ ਲੈਣ ਲਈ ਪੋਟਾਸ਼ੀਅਮ ਨਾਈਟ੍ਰੇਟ ਦੇ 4 ਸਪਰੇਅ ਕਰਨ ਨਾਲ ਫੁੱਲ ਡੋਡੀ ਅਤੇ ਕੱਚੇ ਟੀਂਡੇ ਨਹੀਂ ਝੜਦੇ, ਜਿਸ ਨਾਲ ਪੈਦਾਵਾਰ ਵਿੱਚ ਚੋਖਾ ਵਾਧਾ ਹੁੰਦਾ ਹੈ। ਫੁੱਲਾਂ ਦੀ ਸ਼ੁਰੂਆਤ ਤੋਂ ਲੈ ਕੇ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਚਾਰ ਸਪਰੇਅ ਹਫ਼ਤੇ ਦੇ ਵਕਫ਼ੇ 'ਤੇ ਕਰੋ। 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟ੍ਰੇਟ ਲਈ 2 ਕਿਲੋ ਪੋਟਾਸ਼ੀਅਮ ਨਾਈਟ੍ਰੇਟ ਨੂੰ 100 ਲਿਟਰ ਪਾਣੀ ਵਿੱਚ ਘੋਲ ਲਓ।

ਮੈਗਨੀਸ਼ੀਅਮ ਸਲਫੇਟ ਦੀ ਵਰਤੋਂ : ਬੀ ਟੀ ਨਰਮੇ ਵਿੱਚ ਪੱਤਿਆਂ ਦੀ ਲਾਲੀ ਦੀ ਰੋਕਥਾਮ ਲਈ, 1 ਪ੍ਰਤੀਸ਼ਤ ਮੈਗਨੀਸ਼ੀਅਮ ਸਲਫੇਟ (1 ਕਿਲੋ ਮੈਗਨੀਸ਼ੀਅਮ ਸਲਫੇਟ ਨੂੰ 100 ਲਿਟਰ ਪਾਣੀ ਵਿੱਚ ਘੋਲ ਲਓ) ਦੇ ਦੋ ਸਪਰੇਅ ਫੁੱਲ ਡੋਡੀ ਅਤੇ ਟੀਂਡੇ ਬਣਨ ਦੀ ਅਵਸਥਾ ਦੌਰਾਨ 15 ਦਿਨਾਂ ਦੇ ਵਕਫ਼ੇ 'ਤੇ ਕਰੋ। ਜਿਹੜੇ ਖੇਤਾਂ ਵਿੱਚ ਪਿਛਲੇ ਸਾਲ ਨਰਮੇ 'ਤੇ ਇਸ ਖੁਰਾਕੀ ਤੱਤ ਦੀ ਘਾਟ ਆਈ ਹੋਵੇ, ਉੱਥੇ ਪੱਤਿਆਂ 'ਤੇ ਲਾਲੀ ਪ੍ਰਗਟ ਹੋਣ ਤੋਂ ਪਹਿਲਾਂ 1 ਪ੍ਰਤੀਸ਼ਤ

ਮੈਗਨੀਸ਼ਅਮ ਸਲਫੇਟ ਦੇ ਦੋ ਛਿੜਕਾਅ ਜ਼ਰੂਰ ਕਰੋ।

ਪਾਣੀ ਪ੍ਰਬੰਧਣ : ਨਰਮੇ ਦੀ ਫ਼ਸਲ ਨੂੰ ਸੋਕਾ ਨਾ ਲੱਗਣ ਦਿਓ। ਫ਼ਸਲ ਨੂੰ ਫੁੱਲ ਨਿੱਕਲਣ ਅਤੇ ਫ਼ਲ ਪੈਣ ਸਮੇਂ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ। ਬਰਸਾਤ ਅਤੇ ਮੌਸਮ ਦੇ ਆਧਾਰ 'ਤੇ ਨਰਮੇ ਦੀ ਫ਼ਸਲ ਨੂੰ ਕੁੱਲ 4-6 ਸਿੰਚਾਈਆਂ ਦੀ ਜ਼ਰੂਰਤ ਪੈਂਦੀ ਹੈ। ਪਹਿਲੀ ਸਿੰਚਾਈ ਬਿਜਾਈ ਤੋਂ 4-6 ਹਫ਼ਤਿਆਂ ਬਾਅਦ ਅਤੇ ਅਗਲੀਆਂ 2-3 ਹਫ਼ਤਿਆਂ ਬਾਅਦ ਮਿੱਟੀ ਦੀ ਕਿਸਮ ਅਤੇ ਬਰਸਾਤ ਦੇ ਆਧਾਰ 'ਤੇ ਕਰੋ।

ਸੈਲੀਸਿਲਕ ਐਸਿਡ ਨਾਲ ਔੜ ਪ੍ਰਬੰਧਨ : ਅਚਾਨਕ ਨਹਿਰੀ ਬੰਦੀ ਜਾਂ ਮੀਂਹ ਨਾ ਪੈਣ ਕਾਰਨ ਲਗੀ ਔੜ ਕਾਰਨ ਨਰਮੇ ਦੇ ਝਾੜ ਦੇ ਨੁਕਸਾਨ ਨੂੰ ਘੱਟ ਕਰਨ ਲਈ ਔੜ ਸਮੇਂ ਪ੍ਰਤੀ ਏਕੜ 12.5 ਗ੍ਰਾਮ ਸੈਲੀਸਿਲਕ ਐਸਿਡ ਨੂੰ 375 ਮਿਲੀਲਿਟਰ ਈਥਾਈਲ ਅਲਕੋਹਲ ਵਿੱਚ ਘੋਲਣ ਉਪਰੰਤ 125 ਲੀਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।

ਬੂਟਿਆਂ ਦੇ ਅਣਚਾਹੇ ਵਾਧੇ ਨੂੰ ਰੋਕਣਾ : ਬਰਸਾਤ ਦੌਰਾਨ ਨਰਮਾ ਲੋੜ ਤੋਂ ਜ਼ਿਆਦਾ ਵੱਧ ਜਾਂਦਾ ਹੈ। ਸੰਘਣੀ ਛੱਤਰੀ ਵਿੱਚ ਸੂਰਜ ਦੀ ਰੋਸ਼ਨੀ ਨਾ ਪਹੁੰਚਣ ਕਾਰਨ ਫੁੱਲ-ਡੋਡੀਆਂ, ਫੁੱਲ ਅਤੇ ਛੋਟੇ ਟੀਂਡੇ ਝੜਣ ਕਰਕੇ ਝਾੜ ਘੱਟ ਜਾਂਦਾ ਹੈ। ਅਜਿਹੀਆਂ ਜ਼ਮੀਨਾਂ ਵਿੱਚ ਬੂਟਿਆਂ ਦੇ ਅਣਚਾਹੇ ਵਾਧੇ ਨੂੰ ਰੋਕਣ ਲਈ 300 ਮਿਲੀ ਲਿਟਰ ਪ੍ਰਤੀ ਏਕੜ ਚਮਤਕਾਰ (ਸੈਪੀਕੁਐਟ ਕਲੋਰਾਈਡ 5%) ਦੇ 80-100 ਲਿਟਰ ਪਾਣੀ ਵਿੱਚ ਘੋਲ ਕੇ ਦੋ ਸਪਰੇਅ ਬਿਜਾਈ ਤੋਂ 60 ਅਤੇ 75 ਦਿਨਾਂ ਬਾਅਦ ਕਰੋ।

ਪੈਰਾਵਿਲਟ : ਕਈ ਵਾਰੀ ਔੜ ਤੋਂ ਬਾਅਦ ਭਰਵਾਂ ਪਾਣੀ ਲਾਉਣ ਨਾਲ ਜਾਂ ਭਾਰੀ ਮੀਂਹ ਪੈ ਜਾਣ ਨਾਲ ਬੂਟੇ ਇੱਕ ਦਮ ਮੁਰਝਾਉਣ ਲੱਗ ਜਾਂਦੇ ਹਨ। ਇਸ ਤਰ੍ਹਾਂ ਦੀ ਸਥਿਤੀ (ਪੈਰਾਵਿਲਟ) ਪੈਦਾ ਹੋਣ ਤੇ ਫ਼ਸਲ ਉੱਪਰ ਕੋਬਾਲਟ ਕਲੋਰਾਈਡ ਦਾ ਘੋਲ 24-36 ਘੰਟਿਆਂ ਦੇ ਅੰਦਰ-ਅੰਦਰ ਸਪਰੇਅ ਕਰੋ। ਕੋਬਾਲਟ ਕਲੋਰਾਈਡ ਦਾ ਘੋਲ ਤਿਆਰ ਕਰਨ ਲਈ 10 ਮਿਲੀਗ੍ਰਾਮ ਕੋਬਾਲਟ ਕਲੋਰਾਈਡ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰੋ।

ਝੋਨੇ ਦੀ ਖੇਤੀ ਲਈ ਗੰਭੀਰ ਚੁਣੌਤੀ ਵਧਦਾ ਤਾਪਮਾਨ

ਮੌਸਮ ਦੀ ਤਬਦੀਲੀ ਕਾਰਨ ਧਰਤੀ ਦਾ ਔਸਤਨ ਤਾਪਮਾਨ ਦਿਨ-ਬ-ਦਿਨ ਲਗਾਤਾਰ ਵੱਧ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਗਰਮੀ ਰੁੱਤ ਦਾ ਸਮਾਂ ਹੋਰ ਵੀ ਲੰਮੇਰਾ ਤੇ ਤਿੱਖਾ ਹੋ ਰਿਹਾ ਹੈ। ਇਸ ਦਾ ਸਭ ਤੋਂ ਵੱਧ ਅਸਰ ਖੇਤੀ ਪ੍ਰਧਾਨ ਸੂਬਿਆਂ, ਖਾਸ ਕਰਕੇ ਪੰਜਾਬ ਉੱਪਰ ਪੈ ਰਿਹਾ ਹੈ, ਜਿੱਥੇ ਲੱਖਾਂ ਪਰਿਵਾਰ ਆਪਣੀ ਰੋਜ਼ੀ-ਰੋਟੀ ਲਈ ਖੇਤੀ 'ਤੇ ਨਿਰਭਰ ਹਨ। ਵਧਦਾ ਤਾਪਮਾਨ ਇਕੱਲਾ ਮਨੁੱਖੀ ਸਿਹਤ ਨੂੰ ਹੀ ਨਹੀਂ, ਸਗੋਂ ਪਾਣੀ ਦੇ ਸਰੋਤਾਂ, ਜੈਵਿਕ ਵਿਭਿੰਨਤਾ, ਪਸ਼ੂ-ਪੰਛੀਆਂ, ਉਦਯੋਗਾਂ ਅਤੇ ਸਮੁੱਚੀ ਆਰਥਿਕਤਾ ਉੱਤੇ ਵੀ ਨਾਂਹ-ਪੱਖੀ ਪ੍ਰਭਾਵ ਪਾਉਂਦਾ ਹੈ। ਪੰਜਾਬ ਵਿੱਚ ਇਸ ਸਮੇਂ ਸਾਉਣੀ ਦੀ ਮੁੱਖ ਫ਼ਸਲ ਝੋਨੇ ਦੀ ਬਿਜਾਈ ਦਾ ਮੌਸਮ ਚੱਲ ਰਿਹਾ ਹੈ ਅਤੇ ਅਜਿਹੇ ਸਮੇਂ ਵੱਧ ਰਹੀ ਗਰਮੀ ਤੇ ਮੌਸਮ ਦੀ ਅਸਥਿਰਤਾ ਕਿਸਾਨਾਂ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ।

ਘਟਣ ਲੱਗਦੀ ਜ਼ਮੀਨ ਦੀ ਉਪਜਾਊ ਸ਼ਕਤੀ

ਵਧਦੇ ਤਾਪਮਾਨ ਦਾ ਇੱਕ ਹੋਰ ਵੱਡਾ ਅਸਰ ਜ਼ਮੀਨ ਦੀ ਸਿਹਤ 'ਤੇ ਵੀ ਪੈਂਦਾ ਹੈ। ਮਿੱਟੀ ਅੰਦਰਲਾ ਤਾਪਮਾਨ ਵਧਣ ਨਾਲ ਉਸ ਵਿੱਚ ਮੌਜੂਦ ਸੂਖਮ ਜੀਵਾਣੂਆਂ ਦੀ ਗਤੀਵਿਧੀ ਤੇਜ਼ ਹੋ ਜਾਣ ਕਾਰਨ ਜੈਵਿਕ ਪਦਾਰਥ ਤੇਜ਼ੀ ਨਾਲ ਖਤਮ ਹੋਣ ਲੱਗਦੇ ਹਨ ਅਤੇ ਪੌਦਿਆਂ ਲਈ ਲੋੜੀਂਦੇ ਪੋਸ਼ਕ ਤੱਤਾਂ ਦਾ ਸੰਤੁਲਨ ਵਿਗੜ ਜਾਂਦਾ ਹੈ। ਇਹ ਪ੍ਰਤੀਕਿਰਿਆ ਲੰਮੇ ਸਮੇਂ ਤੱਕ ਰਹਿਣ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਘਟਣ ਲੱਗਦੀ ਹੈ ਅਤੇ ਕਿਸਾਨਾਂ ਨੂੰ ਫ਼ਸਲ ਦਾ ਪੂਰਾ ਝਾੜ ਲੈਣ ਲਈ ਵਧੇਰੇ ਖਾਦਾਂ ਦੀ ਵਰਤੋਂ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਸ ਤੋਂ ਇਲਾਵਾ ਵਾਤਾਵਰਣ ਵਿੱਚ ਮਿਥੇਨ, ਕਾਰਬਨ ਡਾਈਆਕਸਾਈਡ ਅਤੇ ਹੋਰ ਕਈ ਗਰੀਨ ਹਾਊਸ ਗੈਸਾਂ ਵੀ ਧਰਤੀ ਦੇ ਤਾਪਮਾਨ ਨੂੰ ਵਧਾਉਣ ਦੇ ਨਾਲ-ਨਾਲ ਕਈ ਤਰ੍ਹਾਂ ਦੇ ਹਾਨੀਕਾਰਕ ਕੀੜਿਆਂ ਅਤੇ ਫ਼ਸਲ ਦੀਆਂ ਬਿਮਾਰੀਆਂ ਦੇ ਫੈਲਾਅ ਨੂੰ ਉਤਸ਼ਾਹਿਤ ਕਰਦੀਆਂ ਹਨ। ਕਿਸਾਨਾਂ ਨੂੰ ਆਪਣੀ ਫ਼ਸਲ ਦਾ ਪੂਰਾ ਝਾੜ ਲੈਣ ਲਈ ਉਸ ਦੇ ਪੱਕਣ ਤੱਕ ਪੂਰੀ ਸੂਝ-ਬੂਝ ਅਤੇ ਸੰਜਮ ਤੋਂ ਕੰਮ ਲੈਣਾ ਪਵੇਗਾ।

ਬਿਮਾਰੀਆਂ ਦਾ ਖਤਰਾ ਵਧਣ ਦੇ ਆਸਾਰ

ਪਾਣੀ ਦੇ ਸੰਕਟ ਨੂੰ ਧਿਆਨ ਵਿੱਚ ਰੱਖਦਿਆਂ ਲੋੜ ਤੋਂ ਵੱਧ ਸਿੰਚਾਈ ਕਰਨ ਦੀ ਬਜਾਏ ਖੇਤ ਨੂੰ ਨਮੀ ਅਨੁਸਾਰ ਹੀ ਪਾਣੀ ਲਗਾਉਣਾ ਚਾਹੀਦਾ ਹੈ। ਖਾਦਾਂ ਦੇ ਰੂਪ ਵਿੱਚ ਜ਼ਿਆਦਾ ਰਸਾਇਣਿਕ ਖਾਦਾਂ ਦੀ ਬਜਾਏ ਜੈਵਿਕ ਖਾਦਾਂ, ਵਰਮੀ ਕੰਪੋਸਟ, ਹਰੀ ਖਾਦ ਅਤੇ ਜੀਵਾਣੂ ਖਾਦਾਂ ਦੀ ਵਰਤੋਂ ਨੂੰ ਪਹਿਲ ਦਿੱਤੀ ਜਾਵੇ ਤਾਂ ਜ਼ਿਆਦਾ ਵਧੀਆ ਰਹੇਗਾ, ਕਿਉਂਕਿ ਜੀਵਾਣੂ ਖਾਦਾਂ ਦੀ ਵਰਤੋਂ ਨਾ ਸਿਰਫ ਮਿੱਟੀ ਦੀ ਸਿਹਤ ਨੂੰ ਸੁਧਾਰਦੀ ਹੈ, ਸਗੋਂ ਵਾਤਾਵਰਣ ਨੂੰ ਵੀ ਸੁਰੱਖਿਅਤ ਰੱਖਦੀ ਹੈ। ਇਹ ਖਾਦਾਂ ਮਿੱਟੀ ਵਿੱਚ ਜੈਵਿਕ ਪਦਾਰਥਾਂ ਦੀ ਮਾਤਰਾ ਨੂੰ ਵਧਾਉਂਦੀਆਂ ਹਨ, ਜਿਸ ਨਾਲ ਖੇਤ ਵਿੱਚ ਪਾਣੀ ਸੰਭਾਲਣ ਦੀ ਸਮਰੱਥਾ ਵਧਦੀ ਹੈ

ਗੁਰਦੀਪ ਸਿੰਘ ਭੁੱਲਰ,
ਮੋ. 94172-41037

ਅਤੇ ਫ਼ਸਲ ਨੂੰ ਗਰਮੀ ਦੇ ਮਾੜੇ ਪ੍ਰਭਾਵਾਂ ਦਾ ਮੁਕਾਬਲਾ ਕਰਨ ਵਿੱਚ ਵੀ ਮਦਦ ਮਿਲਦੀ ਹੈ। ਬਦਲਦੇ ਮੌਸਮ ਕਾਰਨ ਕੀੜਿਆਂ ਦੇ ਜੀਵਨ ਚੱਕਰ ਵਿੱਚ ਵੀ ਤਬਦੀਲੀਆਂ ਆ ਰਹੀਆਂ ਹਨ, ਜਿਸ ਨਾਲ ਉਨ੍ਹਾਂ ਦੀ ਗਿਣਤੀ ਅਤੇ ਫ਼ਸਲ ਉਪਰ ਹਮਲਿਆਂ ਦੀ ਤੀਬਰਤਾ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਵਾਰ ਝੋਨੇ ਦੀ ਫ਼ਸਲ ਵਿੱਚ ਤਣਾ ਛੇਦਕ, ਪੱਤਾ ਲਪੇਟ, ਭੂਰੀ ਸੁੰਡੀ ਅਤੇ ਹੋਰ ਬਿਮਾਰੀਆਂ ਦਾ ਖਤਰਾ ਵਧਣ ਦੇ ਵੀ ਪੂਰੇ ਆਸਾਰ ਹਨ। ਇਸ ਲਈ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਫ਼ਸਲ ਦੀ ਨਿਯਮਤ ਤੌਰ 'ਤੇ ਨਿਗਰਾਨੀ ਕਰਦੇ ਹੋਏ ਖੇਤੀ ਮਾਹਰਾਂ ਦੀ ਸਲਾਹ ਨਾਲ ਕੀਟਨਾਸ਼ਕ ਦਵਾਈਆਂ ਦੀ ਲੋੜ ਅਨੁਸਾਰ ਹੀ ਵਰਤੋਂ ਕਰਨ ਤਾਂ ਜੋ ਬੇਲੋੜੇ ਖਰਚੇ ਤੋਂ ਬਚਿਆ ਜਾ ਸਕੇ।

ਫ਼ਸਲ ਪ੍ਰਤੀ ਸਾਵਧਾਨ ਰਹਿਣਾ ਜ਼ਰੂਰੀ

ਮੌਸਮ ਦੀ ਅਨਿਸ਼ਚਿਤਤਾ ਕਾਰਨ ਕਿਸੇ ਵੀ ਨਤੀਜੇ ਬਾਰੇ ਤਾਂ ਭਾਵੇਂ ਪੂਰੀ ਤਰ੍ਹਾਂ ਕਹਿਣਾ ਅਜੇ ਮੁਸ਼ਕਲ ਹੈ, ਪਰ ਫਿਰ ਵੀ ਇਸ ਵਾਰ ਪਛੇਤੀ ਫ਼ਸਲ ਦੇ ਮੁਕਾਬਲੇ ਅਗੇਤੀ ਫ਼ਸਲ ਉੱਪਰ ਗਰਮੀ ਦਾ ਵੱਧ ਅਸਰ ਪੈ ਸਕਦਾ ਹੈ। ਇਸ ਲਈ ਕਿਸਾਨਾਂ ਨੂੰ ਆਪਣੀ ਫ਼ਸਲ ਪ੍ਰਤੀ ਸਾਵਧਾਨ ਰਹਿਣਾ ਬਹੁਤ ਜ਼ਰੂਰੀ ਹੈ। ਵਧਦਾ ਤਾਪਮਾਨ ਸਿਰਫ ਖੇਤੀਬਾੜੀ ਦੀ ਹੀ ਸਮੱਸਿਆ ਨਹੀਂ, ਸਗੋਂ ਪੂਰੇ ਸਮਾਜ ਲਈ ਵੀ ਇੱਕ ਚੁਣੌਤੀ ਹੈ। ਇਸ ਨਾਲ ਨਜਿੱਠਣ ਲਈ ਸਰਕਾਰ, ਸਮਾਜਿਕ ਸੰਸਥਾਵਾਂ ਅਤੇ ਆਮ ਲੋਕਾਂ ਸਭ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਆਖਰ ਇਹੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਦਾ ਕਿਸਾਨ ਆਪਣੀ ਮਿਹਨਤ, ਸਬਰ ਅਤੇ ਤਜ਼ਰਬੇ ਲਈ ਜਾਣਿਆ ਜਾਂਦਾ ਹੈ। ਬਦਲਦੇ ਮੌਸਮ ਅਤੇ ਵਧਦੇ ਤਾਪਮਾਨ ਦੀਆਂ ਚੁਣੌਤੀਆਂ ਦੇ ਬਾਵਜੂਦ, ਜੇ ਉਹ ਸਹੀ ਤਰੀਕਿਆਂ ਨੂੰ ਅਪਣਾਉਂਦੇ ਹੋਏ ਫ਼ਸਲ ਦੀ ਸੰਭਾਲ ਪੂਰੀ ਸੂਝ-ਬੂਝ ਨਾਲ ਕਰੇਗਾ ਤਾਂ ਉਹ ਆਪਣੀ ਅਣਥੱਕ ਮਿਹਨਤ ਦਾ ਪੂਰਾ ਫਲ ਪ੍ਰਾਪਤ ਕਰ ਸਕੇਗਾ। 'ਖੇਤੀ ਕਰਮਾਂ ਸੇਤੀ' ਕਥਨ ਅਨੁਸਾਰ ਭਾਵੇਂ ਕੁਦਰਤ ਦਾ ਅੰਤ ਕਿਸੇ ਨੇ ਨਹੀਂ ਪਾਇਆ, ਪਰ ਫਿਰ ਵੀ ਸੁਚੱਜੀ ਨੀਤੀ ਅਤੇ ਅਗਾਊਂ ਤਿਆਰੀ ਨਾਲ ਖਤਰੇ ਨੂੰ ਜ਼ਰੂਰ ਘਟਾਇਆ ਜਾ ਸਕਦਾ ਹੈ। ਇਸ ਲਈ ਕਿਸਾਨ ਹੌਂਸਲੇ ਅਤੇ ਸਿਆਣਪ ਨਾਲ ਝੋਨੇ ਦੀ ਫ਼ਸਲ ਨੂੰ ਬਚਾਉਣ ਲਈ ਬਣਦੇ ਯਤਨ ਜ਼ਰੂਰ ਕਰਨ ਤਾਂ ਜੋ ਭਵਿੱਖ ਵਿੱਚ ਖੇਤੀ ਪ੍ਰਤੀ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕੇ।

ਗੁਣਵੱਤਾ 'ਤੇ ਪੈ ਸਕਦਾ ਅਸਰ

ਆਉਣ ਵਾਲੇ ਸਮੇਂ ਵਿੱਚ ਜੇ ਤਾਪਮਾਨ ਦਾ ਰੁਝਾਨ ਇਸੇ ਤਰ੍ਹਾਂ ਹੀ ਜਾਰੀ ਰਹਿੰਦਾ ਹੈ ਤਾਂ ਇਸ ਦਾ ਸਿੱਧਾ ਅਸਰ ਝੋਨੇ ਦੀ ਪੈਦਾਵਾਰ ਅਤੇ ਗੁਣਵੱਤਾ ਉੱਪਰ ਪੈ ਸਕਦਾ ਹੈ। ਝੋਨੇ ਦੀ ਫ਼ਸਲ ਨੂੰ ਵੱਖ-ਵੱਖ ਪੜਾਵਾਂ ਦੌਰਾਨ ਨਿਰਧਾਰਿਤ ਤਾਪਮਾਨ ਦੀ ਲੋੜ ਹੁੰਦੀ ਹੈ, ਪਰ ਜਦੋਂ ਤਾਪਮਾਨ ਹੱਦ ਤੋਂ ਵੱਧ ਜਾਂਦਾ ਹੈ ਤਾਂ ਉਹ ਫ਼ਸਲ ਦੇ ਕੁਦਰਤੀ ਵਾਧੇ ਨੂੰ ਪ੍ਰਭਾਵਿਤ ਕਰਦਾ ਹੈ, ਜ਼ਿਆਦਾ ਗਰਮੀ ਕਾਰਨ ਪੌਦਿਆਂ ਵਿੱਚ ਪ੍ਰਕਾਸ਼ ਸੰਸ਼ਲੇਸ਼ਣ ਦੀ ਪ੍ਰਕਿਰਿਆ ਪ੍ਰਭਾਵਿਤ ਹੋਣ ਲੱਗਦੀ ਹੈ, ਜਿਸ ਦੀ ਬਦੌਲਤ ਉਨ੍ਹਾਂ ਵਿੱਚ ਖੁਰਾਕ ਬਣਾਉਣ ਦੀ ਸਮਰੱਥਾ ਘੱਟ ਜਾਂਦੀ ਹੈ। ਨਤੀਜੇ ਵਜੋਂ ਫ਼ਸਲ ਦਾ ਵਿਕਾਸ ਰੁਕ ਜਾਂਦਾ ਹੈ, ਪੌਦੇ ਕਮਜ਼ੋਰ ਹੋਣ ਲੱਗਦੇ ਹਨ ਤੇ ਦਾਣਿਆਂ ਦਾ ਪੂਰਾ ਭਰਾਅ ਨਾ ਹੋਣ ਕਾਰਨ ਫ਼ਸਲ ਸਮੇਂ ਤੋਂ ਪਹਿਲਾਂ ਪੱਕ ਜਾਂਦੀ ਹੈ, ਜਿਸ ਕਾਰਨ ਝਾੜ ਵਿੱਚ ਕਮੀ ਆ ਜਾਂਦੀ ਹੈ।

ਸੋਚ ਵਿਚਾਰ ਕੇ ਹੀ ਖੇਤੀ ਵਾਲੀ ਜ਼ਮੀਨ ਹੋਰ ਕੰਮਾਂ ਲਈ ਵਰਤੀ ਜਾਏ

ਸੁੱਚਾ ਸਿੰਘ ਗਿੱਲ
ਮੋ. 98550-82857

ਹੁਣ ਜੂਨ 2026 ਵਿੱਚ ਸਰਕਾਰ ਵਲੋਂ ਮੁਹਾਲੀ ਤੇ ਨਵੇਂ ਚੰਡੀਗੜ੍ਹ ਦੇ ਵਿਸਥਾਰ ਲਈ ਪੁਰਾਣੀ ਨੀਤੀ ਵਿੱਚ ਨਿਗੂਣੀਆਂ ਸੋਧਾਂ ਕਰਕੇ ਮੁੜ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਹੈ। ਨਾਲ ਹੀ ਪ੍ਰਾਈਵੇਟ ਬਿਲਡਰਾਂ ਵਲੋਂ ਅਣਅਧਿਕਾਰਤ ਬਣਾਈਆਂ ਕਾਲੋਨੀਆਂ ਨੂੰ ਪ੍ਰਵਾਨਗੀ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਮੁਤਾਬਕ ਮੁਹਾਲੀ ਦੇ 21 ਪਿੰਡਾਂ ਦੀ 5,000 ਏਕੜ ਜ਼ਮੀਨ ਪ੍ਰਾਪਤ ਕੀਤੀ ਜਾਵੇਗੀ। ਜ਼ਮੀਨ ਮਾਲਕਾਂ ਨੂੰ ਅਲਾਟ ਕੀਤੇ ਪਲਾਟਾਂ ਅਤੇ ਕਮਰਸ਼ੀਅਲ ਪਲਾਟਾਂ ਦੇ ਆਕਾਰ ਵਿੱਚ ਵਾਧਾ ਕੀਤਾ ਗਿਆ ਹੈ। ਜਦੋਂ ਤੱਕ ਪ੍ਰਾਪਤ ਜ਼ਮੀਨ ਨੂੰ ਪੂਰੀ ਤਰ੍ਹਾਂ ਵਿਕਸਿਤ ਕਰਕੇ ਮਾਲਕਾਂ ਨੂੰ ਰਿਹਾਇਸ਼ੀ ਪਲਾਟ ਤੇ ਕਮਰਸ਼ੀਅਲ ਪਲਾਟ ਅਲਾਟ ਨਹੀਂ ਕੀਤੇ ਜਾਂਦੇ, ਉਦੋਂ ਤੱਕ 30 ਹਜ਼ਾਰ ਰੁਪਏ ਪ੍ਰਤੀ ਏਕੜ ਸਾਲਾਨਾ ਅੰਤਰਿਮ ਰਿਲੀਫ ਤਿੰਨ ਸਾਲਾਂ ਤੱਕ ਮਿਲੇਗੀ।

ਦੇਸ਼ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਪ੍ਰੋਜੈਕਟਾਂ ’ਤੇ ਸਰਕਾਰਾਂ ਕਾਫ਼ੀ ਜ਼ੋਰ ਦੇ ਰਹੀਆਂ ਹਨ। ਇਹ ਖੇਤਰ ਸਰਕਾਰਾਂ ਦੀ ਵਿਕਾਸ ਨੀਤੀ ਵਿੱਚ ਤਰਜੀਹ ਪ੍ਰਾਪਤ ਕਰ ਚੁੱਕਾ ਹੈ। ਬੁਨਿਆਦੀ ਢਾਂਚੇ ਦਾ ਵਿਕਾਸ ਦੂਜੇ ਖੇਤਰਾਂ, ਖ਼ਾਸ ਕਰਕੇ ਉਦਯੋਗ ਤੇ ਸੇਵਾਵਾਂ ਨੂੰ ਉਤਸ਼ਾਹਿਤ ਕਰਨ ਦੀ ਸਮਰੱਥਾ ਰੱਖਦਾ ਹੈ। ਕਿਸੇ ਵੀ ਇਲਾਕੇ ਵਿੱਚ ਆਵਾਜਾਈ ਤੇ ਢੋਆ-ਢੁਆਈ ਦੀਆਂ ਸਹੂਲਤਾਂ ਵਿੱਚ ਸੁਧਾਰ, ਬਿਜਲੀ, ਪਾਣੀ ਦੀ ਲੋੜੀਂਦੀ ਸਪਲਾਈ ਅਤੇ ਰਿਹਾਇਸ਼ੀ ਸਹੂਲਤਾਂ ਆਮ ਤੌਰ ਤੇ ਪੂੰਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਵਿੱਚ ਸਹਾਇਕ ਹੁੰਦੀਆਂ ਹਨ। ਇਨ੍ਹਾਂ ਕਾਰਨ ਉਤਪਾਦਨ ਲਾਗਤਾਂ ਵਿੱਚ ਕਫ਼ਾਇਤ ਹੋਣ ਨਾਲ ਸਰਮਾਏ ਨੂੰ ਲਗਾਉਣਾ ਫ਼ਾਇਦੇਮੰਦ ਹੋ ਜਾਂਦਾ ਹੈ। ਇਹ ਨੁਸਖਾ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਵਿੱਚ ਮਦਦਗਾਰ ਹੋ ਸਕਦਾ ਹੈ। ਮੌਜੂਦਾ ਸਮੇਂ ਵਿੱਚ ਸਰਕਾਰਾਂ ਨੇ ਇਸ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਆਪਣੀ ਜ਼ਿੰਮੇਵਾਰੀ ਦੇ ਤੌਰ ’ਤੇ ਪ੍ਰਵਾਨ ਕਰ ਲਿਆ ਹੈ। ਇਹ ਆਰਥਿਕ ਵਿਕਾਸ ਲਈ ਜ਼ਰੂਰੀ ਹੈ, ਪਰ ਆਪਣੇ ਆਪ ਵਿੱਚ ਕਾਫ਼ੀ ਨਹੀਂ। ਬੁਨਿਆਦੀ ਢਾਂਚੇ ਦੀ ਪ੍ਰਾਥਮਿਕਤਾ ਨੂੰ ਪ੍ਰਵਾਨ ਕਰਨ ਦਾ ਇਕ ਹੋਰ ਵੀ ਕਾਰਨ ਹੈ। ਇਹ ਖੇਤਰ ਪੈਸੇ ਦੀ ਦੌੜ ਵਿੱਚ ਫਸੇ ਲੀਡਰਾਂ, ਅਧਿਕਾਰੀਆਂ ਤੇ ਕਾਰੋਬਾਰੀਆਂ ਦਾ ਪੰਸਦੀਦਾ ਖੇਤਰ ਬਣ ਚੁੱਕਿਆ ਹੈ, ਜਿਸ ਦੀ ਪੁਸ਼ਟੀ ਵੱਖ-ਵੱਖ ਸੂਬਿਆਂ ਤੇ ਇਲਾਕਿਆਂ ਦੀਆਂ ਮੀਡੀਆ ਰਿਪੋਰਟਾਂ ਤੇ ਅਕਾਦਮਿਕ ਖੋਜ ਆਧਾਰਿਤ ਅਧਿਐਨਾਂ ਤੋਂ ਪ੍ਰਾਪਤ ਹੋ ਜਾਂਦੀ ਹੈ।

ਮੌਜੂਦਾ ਸਮੇਂ ਵਿੱਚ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ, ਪੰਜਾਬ ਦੇ ਇਕ ਮੰਤਰੀ ਸਮੇਤ ਹੋਰ ਅਧਿਕਾਰੀਆਂ ਦੇ ਨਾਂਅ ਰੀਅਲ ਅਸਟੇਟ ਦੇ ਕਾਰੋਬਾਰ ਵਿੱਚ ਘਪਲਿਆਂ ਨਾਲ ਜੁੜ ਕੇ ਮੀਡੀਆ ਦੀਆਂ ਸੁਰਖੀਆਂ ਬਣ ਰਹੇ ਹਨ।

ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦਾ ਖੇਤੀ ਵਾਲੀ ਜ਼ਮੀਨ ਨਾਲ ਅਹਿਮ ਰਿਸ਼ਤਾ ਹੈ। ਕੌਮੀ/ਸੂਬਾ ਸੜਕਾਂ ਬਹੁ-ਲਾਈਨਾਂ ਵਿੱਚ ਵਿਸਥਾਰ, ਰੇਲ ਮਾਰਗਾਂ ਵਿੱਚ ਵਾਧਾ, ਪੁਰਾਣੇ ਹਵਾਈ ਅੱਡਿਆਂ ਦਾ ਆਧੁਨਿਕੀਕਰਨ ਅਤੇ ਨਵੇਂ ਅੱਡਿਆਂ ਦੀ ਉਸਾਰੀ, ਬੰਦਰਗਾਹਾਂ ਦਾ ਵਿਸਥਾਰ, ਸ਼ਹਿਰੀ ਇਲਾਕਿਆਂ ਦਾ ਪਸਾਰਾ ਤੇ ਆਧੁਨਿਕੀਕਰਨ ਆਦਿ ਖੇਤੀ ਅਧੀਨ ਜ਼ਮੀਨ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦੇ ਹਨ। ਇਸ ਨਾਲ ਅਨੇਕਾਂ ਪਿੰਡਾਂ ਦੀ ਹੋਂਦ ਸ਼ਹਿਰਾਂ ਵਿੱਚ ਆਉਣ ਕਾਰਨ ਖ਼ਤਮ ਹੋ ਜਾਂਦੀ ਹੈ। ਲੱਖਾਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਰੋਜ਼ੀ-ਰੋਟੀ ਖਤਮ ਹੋ ਜਾਂਦੀ ਹੈ। ਵਿਕਾਸ ਦੇ ਇਸ ਦੌਰ ਵਿੱਚ ਖੇਤੀ ਅਧੀਨ ਜ਼ਮੀਨ ਦੀ ਪ੍ਰਾਪਤੀ ਦਾ ਕਾਰਜ ਵੱਡਾ ਮਸਲਾ ਬਣ ਗਿਆ ਹੈ। ਖੇਤੀ ਵਾਲੀ ਜ਼ਮੀਨ ਨੂੰ ਸਰਕਾਰੀ ਏਜੰਸੀਆਂ ਜਾਂ ਉਨ੍ਹਾਂ ਦੀ ਮਦਦ ਨਾਲ ਪ੍ਰਾਈਵੇਟ ਕੰਪਨੀਆਂ ਵਲੋਂ ਪ੍ਰਾਪਤ ਕੀਤਾ ਜਾਂਦਾ ਹੈ। ਕਈ ਵਾਰੀ ਸਿੱਧੇ ਤੌਰ ’ਤੇ ਪ੍ਰਾਈਵੇਟ ਬਿਲਡਰ ਜ਼ਮੀਨਾਂ ਖਰੀਦ ਲੈਂਦੇ ਹਨ। ਇਸ ਦੌਰਾਨ ਸਭ ਤੋਂ ਵੱਡਾ ਮਸਲਾ ਕਿਸਾਨਾਂ ਨੂੰ ਦੇਣ ਵਾਲੇ ਮੁਆਵਜ਼ੇ ਨਾਲ ਜੁੜ ਜਾਂਦਾ ਹੈ। ਕਿਸਾਨਾਂ ਦੀ ਜ਼ਮੀਨ ਦਾ ਮੁੱਲ ਏਕੜਾਂ ਵਿੱਚ ਤੈਅ ਕੀਤਾ ਜਾਂਦਾ ਹੈ। ਜ਼ਮੀਨ ਪ੍ਰਾਪਤੀ ਉਪਰੰਤ ਬਿਲਡਰਾਂ ਵਲੋਂ ਲੋੜੀਂਦਾ ਬੁਨਿਆਦੀ ਢਾਂਚਾ ਵਿਕਸਿਤ ਕਰਨ ਮਗਰੋਂ ਜ਼ਮੀਨ ਨੂੰ ਪਲਾਟਾਂ ਵਿੱਚ ਵੰਡ ਕੇ ਗਜ਼ਾਂ ਦੇ ਭਾਅ ਨਾਲ ਮਹਿੰਗੇ ਵੇਚਿਆ ਜਾਂਦਾ ਹੈ। ਮੁਆਵਜ਼ਾ ਦੇਣ ਦੇ ਰੇਟ ਤੇ ਪਲਾਟਾਂ ਦੇ ਰੇਟ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਆ ਜਾਂਦਾ ਹੈ। ਨਿਤਿਨ ਜੈਨ (The Tribune, June 25, 2026) ਅਨੁਸਾਰ ਨੋਟੀਫਿਕੇਸ਼ਨ ਤੋਂ ਪਹਿਲਾਂ ਮੁਹਾਲੀ ਨਾਲ ਲਗਦੇ ਪਿੰਡਾਂ ਦੀ ਜ਼ਮੀਨ ਦੀ ਕੀਮਤ 5 ਕਰੋੜ ਰੁਪਏ ਪ੍ਰਤੀ ਏਕੜ ਸੀ ਤੇ ਨੋਟੀਫਿਕੇਸ਼ਨ ਜਾਰੀ ਕਰਨ ਮਗਰੋਂ 8 ਕਰੋੜ ਰੁਪਏ ਪ੍ਰਤੀ ਏਕੜ ਅਤੇ ਲੈਂਡ ਪੁਲਿੰਗ ਨੀਤੀ ਵਿੱਚ ਪਲਾਟ ਵਿਕਸਤ ਕਰਨ ਪਿੱਛੋਂ 16 ਕਰੋੜ ਰੁਪਏ ਪ੍ਰਤੀ ਏਕੜ ਹੋ ਜਾਂਦੀ ਹੈ। ਇੰਜ ਉਹ ਪਲਾਟ ਵਿਕਸਤ ਹੋਣ ਤੱਕ ਕਾਫ਼ੀ ਜ਼ਿਆਦਾ ਮੁਨਾਫ਼ਾ ਕਮਾ ਲੈਂਦੇ ਹਨ। ਇਸ ਦਾ ਲਾਭ ਰੀਅਲ ਅਸਟੇਟ ਡੀਲਰਾਂ, ਪ੍ਰਵਾਨਗੀ ਦੇਣ ਵਾਲੇ ਅਫ਼ਸਰਾਂ ਤੇ ਹਾਕਮ ਪਾਰਟੀ ਦੇ ਆਗੂਆਂ ਨੂੰ ਹੁੰਦਾ ਹੈ। ਦੂਸਰਾ ਕਾਰਨ ਇਹ ਹੈ ਕਿ ਖੇਤੀ ਯੋਗ ਜ਼ਮੀਨ ਨੂੰ ਗੈਰ-ਖੇਤੀ ਵਰਤੋਂ ਵਿੱਚ ਤਬਦੀਲੀ ਕਰਨ ਲਈ ਕਾਨੂੰਨੀ ਤੌਰ ’ਤੇ ਸਰਕਾਰੀ ਪ੍ਰਵਾਨਗੀ ਲੈਣੀ ਜ਼ਰੂਰੀ ਹੁੰਦੀ ਹੈ। ਇਸ ਪੜਾਅ ’ਤੇ ਜ਼ਮੀਨ ਪ੍ਰਾਪਤੀ ਦੇ ਕੰਮ ਵਿੱਚ ਸਰਕਾਰੀ ਅਧਿਕਾਰੀ ਤੇ ਹਾਕਮ ਪਾਰਟੀ ਦੇ ਆਗੂਆਂ ਦੀ ਸ਼ਮੂਲੀਅਤ ਹੋ ਜਾਂਦੀ ਹੈ ਤੇ ਰੀਅਲ ਅਸਟੇਟ ਡੀਲਰਾਂ, ਸਿਆਸੀ ਆਗੂਆਂ ਤੇ ਅਫ਼ਸਰਸ਼ਾਹੀ ਦਾ ਗੱਠਜੋੜ ਬਣ ਜਾਂਦਾ ਹੈ, ਜੋ ਭੂ-ਮਾਫ਼ੀਆ ਨੂੰ ਜਨਮ ਦਿੰਦਾ ਹੈ। ਇਸ ਨਾਲ ਕਿਸਾਨਾਂ ਅਤੇ ਪਲਾਟ ਖਰੀਦਣ ਵਾਲੇ ਲੋਕਾਂ ਦਾ ਸ਼ੋਸ਼ਣ ਹੁੰਦਾ ਹੈ, ਪਰ ਦੇਸ਼ ਵਿੱਚ ਸਿਆਸਤਦਾਨ, ਅਫ਼ਸਰਸ਼ਾਹੀ ਤੇ ਕਾਰੋਬਾਰੀ ਇਸ ਧੰਦੇ ਵਿੱਚ ਬਹੁਤ ਸਰਗਰਮ ਹਨ। ਜ਼ਮੀਨਾਂ ਨੂੰ ਉਦਯੋਗਿਕ ਤੇ ਸੇਵਾਵਾਂ ਦੀਆਂ ਇਕਾਈਆਂ ਦੇ ਵਿਕਾਸ ਅਤੇ ਰਿਹਾਇਸ਼ੀ ਇਲਾਕਿਆਂ ਦੇ ਫੈਲਾਅ ਲਈ ਪ੍ਰਾਪਤ ਕੀਤਾ ਜਾਂਦਾ ਹੈ। ਇਸ ਕੰਮ ਵਿੱਚ ਪੈਸਿਆਂ ਦਾ ਵੱਡੇ ਪੱਧਰ ’ਤੇ ਲੈਣ-ਦੇਣ ਹੁੰਦਾ ਹੈ। ਭੂਮੀ ਦੀ ਖ਼ਰੀਦੋ-ਫ਼ਰੋਖਤ, ਜ਼ਮੀਨ ਦੀ ਰਜਿਸਟਰੀ, ਮਲਕੀਅਤ ਤਬਦੀਲੀ ਅਤੇ ਕਾਗਜ਼ੀ ਕਾਰਵਾਈ ਵਿੱਚ ਟੈਕਸ ਚੋਰੀ ਤੇ ਰਿਸ਼ਵਤਖੋਰੀ ਆਮ ਵਰਤਾਰਾ ਬਣ ਗਿਆ ਹੈ। ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਵਲੋਂ ਬੇਨਾਮੀ ਮਾਲਕੀ ਜਾਂ ਜ਼ਿੰਮੇਵਾਰੀ ਤੋਂ ਇਲਾਵਾ ਵੱਖ-ਵੱਖ ਪੱਧਰਾਂ ’ਤੇ ਰਿਸ਼ਵਤ ਅਤੇ ਕਾਲੇ ਧਨ ਦੀ ਸ਼ਮੂਲੀਅਤ ਕੋਈ ਲੁਕੀ-ਛਿਪੀ ਗੱਲ ਨਹੀਂ ਹੈ। ਸਿਆਸਤਦਾਨਾਂ ਤੇ ਅਫ਼ਸਰਸ਼ਾਹੀ ਨੂੰ ਪਹਿਲਾਂ ਪਤਾ ਲੱਗ ਜਾਂਦਾ ਹੈ ਕਿ ਕਿੱਥੇ ਕੋਈ ਪ੍ਰੋਜੈਕਟ ਲੱਗਣ ਵਾਲਾ ਹੈ, ਉਹ ਥੋੜ੍ਹੇ ਵੱਧ ਪੈਸੇ ਖ਼ਰਚ ਕੇ ਉੱਥੇ ਕਿਸਾਨਾਂ ਤੋਂ ਜ਼ਮੀਨ ਖ਼ਰੀਦ ਲੈਂਦੇ ਹਨ। ਮੁਹਾਲੀ (ਗਮਾਡਾ) ਦੇ ਕੇਸ ਵਿੱਚ ਮੌਜੂਦਾ ਮੁੱਲ ਅਨੁਸਾਰ ਕਿਸਾਨਾਂ ਨੂੰ ਹੋਣ ਵਾਲੀ ਅਦਾਇਗੀ ਤੇ ਪਲਾਟ ਖਰੀਦਣ ਵਾਲਿਆਂ ਵਲੋਂ ਕੀਤੀ ਅਦਾਇਗੀ ਵਿੱਚ ਇੱਕ ਏਕੜ ਪਿੱਛੇ 8 ਕਰੋੜ ਤੋਂ 11 ਕਰੋੜ ਰੁਪਏ ਤੱਕ ਦਾ ਫ਼ਰਕ ਹੈ। ਤਜਵੀਜ਼ਸ਼ੁਦਾ 5,000 ਏਕੜ ਜ਼ਮੀਨ ਪ੍ਰਾਪਤੀ ਨਾਲ 40 ਹਜ਼ਾਰ ਤੋਂ 55 ਹਜ਼ਾਰ ਕਰੋੜ ਰੁਪਏ ਦਾ ਵਾਧੂ ਧਨ ਪੈਦਾ ਹੋ ਜਾਵੇਗਾ। ਇਸ ਧੰਦੇ ਵਿੱਚ ਕਾਲੇ ਧਨ ਦਾ ਬਹੁਤਾ ਨਿਵੇਸ਼ ਕੀਤਾ ਜਾਂਦਾ ਹੈ ਤੇ ਹੋਰ ਕਾਲਾ ਧਨ ਪੈਦਾ ਕੀਤਾ ਜਾਂਦਾ ਹੈ। ਪਿਛਲੇ ਸਾਲ (2025) ਮਈ ਮਹੀਨੇ ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਨੂੰ ਬੜੇ ਜ਼ੋਰ-ਸ਼ੋਰ ਨਾਲ ਲਾਗੂ ਕਰਨ ਦਾ ਐਲਾਨ ਕੀਤਾ ਸੀ। ਇਸ ਮੁਤਾਬਕ 124 ਪਿੰਡਾਂ ਦੀ 65,533 ਏਕੜ ਖੇਤੀ ਵਾਲੀ ਜ਼ਮੀਨ ਨੂੰ ਪੰਜਾਬ ਸਰਕਾਰ ਵਲੋਂ ਪ੍ਰਾਪਤ ਕਰਕੇ ਸੂਬੇ ਦੇ ਸਾਰੇ ਸ਼ਹਿਰਾਂ, ਅਰਬਨ ਅਸਟੇਟਾਂ ਤੇ ਉਦਯੋਗਿਕ ਪਾਰਕਾਂ ਬਣਾਉਣ ਦੀ ਯੋਜਨਾ ਬਣਾਈ ਸੀ। ਪਰ ਇਸ ਨੀਤੀ ਦਾ ਵਿਆਪਕ ਵਿਰੋਧ ਹੋਇਆ, ਜਿਸ ਕਾਰਨ ਸਰਕਾਰ ਨੂੰ ਆਪਣੀ ਨੀਤੀ ਵਾਪਸ ਲੈਣੀ ਪਈ।

ਹੁਣ ਜੂਨ 2026 ਵਿੱਚ ਸਰਕਾਰ ਵਲੋਂ ਮੁਹਾਲੀ ਤੇ ਨਵੇਂ ਚੰਡੀਗੜ੍ਹ ਦੇ ਵਿਸਥਾਰ ਲਈ ਪੁਰਾਣੀ ਨੀਤੀ ਵਿੱਚ ਨਿਗੂਣੀਆਂ ਸੋਧਾਂ ਕਰਕੇ ਮੁੜ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਹੈ। ਨਾਲ ਹੀ ਪ੍ਰਾਈਵੇਟ ਬਿਲਡਰਾਂ ਵਲੋਂ ਅਣਅਧਿਕਾਰਤ ਬਣਾਈਆਂ ਕਾਲੋਨੀਆਂ ਨੂੰ ਪ੍ਰਵਾਨਗੀ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਮੁਤਾਬਕ ਮੁਹਾਲੀ ਦੇ 21 ਪਿੰਡਾਂ ਦੀ 5,000 ਏਕੜ ਜ਼ਮੀਨ ਪ੍ਰਾਪਤ ਕੀਤੀ ਜਾਵੇਗੀ। ਜ਼ਮੀਨ ਮਾਲਕਾਂ ਨੂੰ ਅਲਾਟ ਕੀਤੇ ਪਲਾਟਾਂ ਅਤੇ ਕਮਰਸ਼ੀਅਲ ਪਲਾਟਾਂ ਦੇ ਆਕਾਰ ਵਿੱਚ ਵਾਧਾ ਕੀਤਾ ਗਿਆ ਹੈ। ਜਦੋਂ ਤੱਕ ਪ੍ਰਾਪਤ ਜ਼ਮੀਨ ਨੂੰ ਪੂਰੀ ਤਰ੍ਹਾਂ ਵਿਕਸਿਤ ਕਰਕੇ ਮਾਲਕਾਂ ਨੂੰ ਰਿਹਾਇਸ਼ੀ ਪਲਾਟ ਤੇ ਕਮਰਸ਼ੀਅਲ ਪਲਾਟ ਅਲਾਟ ਨਹੀਂ ਕੀਤੇ ਜਾਂਦੇ, ਉਦੋਂ ਤੱਕ 30 ਹਜ਼ਾਰ ਰੁਪਏ ਪ੍ਰਤੀ ਏਕੜ ਸਾਲਾਨਾ ਅੰਤਰਿਮ ਰਿਲੀਫ ਤਿੰਨ ਸਾਲਾਂ ਤੱਕ ਮਿਲੇਗੀ। ਸੋਧੇ ਹੋਏ ਐਲਾਨ ਵਿੱਚ ਪਿੰਡਾਂ ਦੇ ਭੂਮੀਹੀਣ ਮਜ਼ਦੂਰਾਂ, ਮਿਸਤਰੀਆਂ, ਕਾਰੀਗਰਾਂ ਤੇ ਖੇਤੀ ’ਤੇ ਨਿਰਭਰ ਹੋਰ ਕਾਰੋਬਾਰੀਆਂ ’ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਬਿਲਕੁਲ ਚੁੱਪ ਧਾਰੀ ਗਈ ਹੈ, ਪਰ ਜ਼ਮੀਨ ਪ੍ਰਾਪਤੀ ਸਮੇਂ ਭੂਮੀ ਮਾਲਕਾਂ ਦੇ ਨਾਲ-ਨਾਲ ਭੂਮੀਹੀਣ ਭਾਈਚਾਰੇ ਦੇ ਹਿਤਾਂ ਨੂੰ ਵੀ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਸਰਪੰਚਾਂ ਦੀ ਮਦਦ ਨਾਲ ਪਿੰਡਾਂ ਦੀ ਜ਼ਮੀਨ ਨੂੰ ਸ਼ਹਿਰੀ ਕਾਲੋਨੀਆਂ ਤੇ ਉਦਯੋਗਿਕ ਪਾਰਕ ਬਣਾਉਣ ਲਈ ਸਹਿਮਤੀ ਕਰਾਈ ਜਾ ਰਹੀ ਹੈ, ਪਰ ਸਮਾਜਿਕ ਪ੍ਰਭਾਵ ਅਧਿਐਨ ਅਤੇ ਵਾਤਾਵਰਨ ਪ੍ਰਭਾਵ ਅਧਿਐਨ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਦਾ ਮਤਲਬ ਇਹ ਹੈ ਕਿ ਸਰਕਾਰ ਛੇਤੀ ਜ਼ਮੀਨ ਪ੍ਰਾਪਤ ਕਰਨਾ ਚਾਹੁੰਦੀ ਹੈ ਅਤੇ ਕੇਂਦਰ ਦੇ ਬਣਾਏ ‘ਭੂਮੀ ਗ੍ਰਹਿਣ, ਪੁਨਰਵਾਸ ਅਤੇ ਮੁੜ ਵਸੇਬੇ, ਯੋਗ ਮੁਆਵਜ਼ਾ ਅਤੇ ਪਾਰਦਰਸ਼ਤਾ ਦੇ ਅਧਿਕਾਰ ਐਕਟ 2013’ ਦੀਆਂ ਕਾਨੂੰਨੀ ਧਾਰਾਵਾਂ ਤੋਂ ਬਚਣਾ ਚਾਹੁੰਦੀ ਹੈ। ਇਸ ਤੋਂ ਇਲਾਵਾ ਸਰਕਾਰ ਕੋਲ ਕਿਸੇ ਪ੍ਰਕਾਰ ਦੇ ਸਰਵੇਖਣ ਦੀ ਕੋਈ ਰਿਪੋਰਟ ਵੀ ਨਹੀਂ ਹੈ, ਜੋ ਇਹ ਦਰਸਾਏ ਕਿ ਗਮਾਡਾ ਏਰੀਏ ਵਿੱਚ ਕਿੰਨੇ ਘਰਾਂ ਤੇ ਪਲਾਟਾਂ ਦੀ ਜ਼ਰੂਰਤ ਹੈ। ਇਹ ਵੀ ਸੂਚਨਾ ਜਨਤਕ ਨਹੀਂ ਕੀਤੀ ਗਈ ਕਿ ਗਮਾਡਾ ਏਰੀਆ ਵਿਕਸਤ ਸੈਕਟਰਾਂ/ਕਾਲੋਨੀਆਂ ਵਿੱਚ ਕਿੰਨੇ ਪਲਾਟ/ਫਲੈਟ ਖਾਲੀ ਹਨ। ਇਸ ਸੂਚਨਾ ਤੋਂ ਬਿਨਾਂ ਸ਼ਹਿਰੀਕਰਨ ਦੇ ਨਾਂਅ ’ਤੇ ਜ਼ਿਆਦਾ ਰਕਬੇ ਨੂੰ ਖੇਤੀ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਇਸ ਨਾਲ ਮੁਲਕ ਵਿੱਚ ਖ਼ੁਰਾਕ ਸੁਰੱਖਿਆ ’ਤੇ ਮਾੜਾ ਅਸਰ ਪੈ ਸਕਦਾ ਹੈ।

ਕਿਸਾਨਾਂ, ਮਜ਼ਦੂਰਾਂ, ਕਾਰੀਗਰਾਂ ਦੇ ਮੁੜ ਵਸੇਬੇ ਨੂੰ ਵਿਚਾਰਨ ਤੇ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਬਦਲਵਾਂ ਪ੍ਰਬੰਧ ਕਰਨ ਤੋਂ ਬਗੈਰ ਜ਼ਮੀਨ ਪ੍ਰਾਪਤ ਕਰਨਾ ਇਕ ਗੈਰ-ਜ਼ਿੰਮੇਵਾਰ ਕਾਰਵਾਈ ਹੀ ਸਮਝੀ ਜਾ ਸਕਦੀ ਹੈ। ਇਸ ਕਾਰਵਾਈ ਨੂੰ ਭੂ-ਮਾਫ਼ੀਆ ਦੇ ਦਬਾਅ ਹੇਠ ਕਾਹਲੀ ਵਿੱਚ ਲਿਆ ਫ਼ੈਸਲਾ ਵੀ ਕਿਹਾ ਜਾ ਸਕਦਾ ਹੈ। ਪਿਛਲੇ ਤਜ਼ਰਬੇ ਤੋਂ ਸਬਕ ਲੈਂਦਿਆਂ ਸਰਕਾਰ ਨੂੰ ਸਭ ਪੱਖਾਂ ’ਤੇ ਵਿਚਾਰ-ਚਰਚਾ ਕਰਨ ਅਤੇ ਪੇਂਡੂ ਭਾਈਚਾਰੇ ਨੂੰ ਵਿਸ਼ਵਾਸ ਵਿੱਚ ਲੈਣ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਭੂਮੀ ਗ੍ਰਹਿਣ ਐਕਟ 2013 ਦੇ ਨਿਯਮਾਂ ਅਤੇ ਧਾਰਾਵਾਂ ਅਨੁਸਾਰ ਹੀ ਜ਼ਮੀਨ ਨੂੰ ਸ਼ਹਿਰੀਕਰਨ ਲਈ ਤਬਦੀਲ ਕਰਨ ਬਾਰੇ ਸੋਚਣਾ ਚਾਹੀਦਾ ਹੈ। ਖੇਤੀ ਹੇਠਲੀ ਜ਼ਮੀਨ ਨੂੰ ਬੜੀ ਕਫ਼ਾਇਤ ਨਾਲ ਹੀ ਗੈਰ-ਖੇਤੀ ਦੇ ਕੰਮਾਂ ਵਿੱਚ ਤਬਦੀਲ ਕਰਨਾ ਚਾਹੀਦਾ ਹੈ, ਕਿਉਂਕਿ ਇਸ ਦਾ ਸੰਬੰਧ ਦੇਸ਼ ਦੀ ਖ਼ੁਰਾਕ ਸੁਰੱਖਿਆ ਤੇ ਰੁਜ਼ਗਾਰ ਬਰਕਰਾਰ ਰੱਖਣ ਨਾਲ ਜੁੜਿਆ ਹੋਇਆ ਹੈ।

ਵੱਖ-ਵੱਖ ਫਲਦਾਰ ਬੂਟਿਆਂ ਦੀ ਕਿਸਮਾਂ ਬਾਰੇ ਮਹੱਤਵਪੂਰਨ ਜਾਣਕਾਰੀ

ਡਾ: ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ ਪਟਿਆਲਾ
ਮੋ: 75080-18903

ਫਲਦਾਰ ਬੂਟੇ ਘਰੇਲੂ ਪੱਧਰ ਜਾਂ ਵਪਾਰਕ ਪੱਧਰ 'ਤੇ ਲਾਉਣ ਤੋਂ ਪਹਿਲਾਂ ਉਹਨਾਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਲੈਣਾ ਬਹੁਤ ਹੀ ਮਹੱਤਵਪੂਰਣ ਹੈ । ਜੇਕਰ ਅਸੀਂ ਕਿਸੇ ਪ੍ਰਾਈਵੇਟ ਜਾਂ ਸਾਈਕਲ ਤੇ ਵੇਚਣ ਵਾਲੇ ਤੋਂ ਫਲਦਾਰ ਬੂਟੇ ਖਰੀਦਦੇ ਹਾਂ, ਤਾਂ ਤੁਹਾਡੇ ਲਈ ਕਾਫੀ ਨੁਕਸਾਨਦੇਹ ਹੋ ਸਕਦਾ ਹੈ ਕਿਉਂਕਿ ਫਲਦਾਰ ਬੂਟੇ ਨੇ

ਫਲ 4-5 ਸਾਲ ਬਾਦ ਦੇਣਾ ਹੁੰਦਾ ਹੈ ਜੇਕਰ ਕੋਈ ਕਿਸਮ ਮਾੜੀ ਨਿਕਲ ਗਈ ਤਾਂ ਤੁਹਾਡਾ ਆਰਥਿਕ ਤੌਰ ਤੇ ਕਾਫੀ ਨੁਕਸਾਨ ਹੋ ਜਾਂਦਾ ਹੈ ਜਿਵੇਂ ਬੂਟਿਆਂ ਦੀ ਖ੍ਰੀਦ ਕਰਨ ਸਮੇਂ ਖਰਚਾ, ਢੋਆ-ਢੁਆਈ, ਲੇਬਰ ਦਾ ਖਰਚਾ ਅਤੇ ਸਭ ਤੋਂ ਵੱਧ ਪ੍ਰਤੀ-ਏਕੜ ਰਕਬੇ ਵਿਚੋਂ 4-5 ਸਾਲ ਆਮਦਨ ਦਾ ਨਾਂ ਹੋਣਾ । ਸੋ ਕਿਸਾਨ ਭਰਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਆਪ ਉਕਤ ਬੂਟੇ ਬਾਗਬਾਨੀ ਵਿਭਾਗ ਪੰਜਾਬ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਜਾਂ ਨੈਸ਼ਨਲ ਬਾਗਬਾਨੀ ਬੋਰਡ ਤੋਂ ਪ੍ਰਵਾਨਤ ਨਰਸਰੀਆਂ ਤੋਂ ਹੀ ਫਲਦਾਰ ਬੂਟੇ ਖ੍ਰੀਦਣੇ ਚਾਹੀਦੇ ਹਨ। ਵੱਖ-ਵੱਖ ਫਲਦਾਰ ਬੂਟਿਆਂ ਦੀਆਂ ਕਿਸਮਾਂ ਬਾਰੇ ਜਾਣਕਾਰੀ ਹੇਠ ਲਿਖੇ (ਸਾਰਣੀ-1) ਅਨੁਸਾਰ ਹੈ ।

ਉਕਤ ਫਲਦਾਰ ਬੂਟਿਆਂ ਵਿਚੋਂ ਨਿੰਬੂ ਜਾਤੀ, ਅਮਰੂਦ, ਅੰਬ, ਬੇਰ, ਲੀਚੀ, ਚੀਕੂ, ਪਪੀਤਾ, ਲੁਕਾਠ, ਖਜ਼ੂਰ ਤੇ ਬਿਲ ਆਦਿ ਜੁਲਾਈ ਤੋਂ ਸਤੰਬਰ ਮਹੀਨੇ ਤੱਕ ਸਫਲਤਾ ਪੂਰਵਕ ਲਗਾਏ ਜਾ ਸਕਦੇ ਹਨ। ਇਸੇ ਤਰ੍ਹਾਂ ਨਾਖ, ਆੜੂ, ਅਲੂਚਾ, ਅਨਾਰ, ਫਾਲਸਾ ਤੇ ਅੰਜੀਰ ਜਨਵਰੀ-ਫਰਵਰੀ ਮਹੀਨੇ ਸਫਲਤਾ ਪੂਰਵਕ ਲਗਾਏ ਜਾ ਸਕਦੇ ਹਨ ।

ਆਂਵਲਾ ਅਤੇ ਕੇਲਾ ਫਰਵਰੀ ਮਾਰਚ ਅਤੇ ਅਗਸਤ-ਸਤੰਬਰ ਮਹੀਨੇ ਕਾਮਯਾਬੀ ਨਾਲ ਉਗਾਏ ਜਾ ਸਕਦੇ ਹਨ ।

ਉਕਤ ਬੂਟੇ ਘਰੇਲੂ ਜਾਂ ਵਪਾਰਕ ਪੱਧਰ 'ਤੇ ਲਾਉਣ ਤੋਂ ਇਕ ਮਹੀਨਾ ਪਹਿਲਾਂ ਵਿਉਂਤਬੰਦੀ ਕਰ ਲੈਣੀ ਚਾਹੀਦੀ ਹੈ ਕਿ ਕਿੰਨੇ ਫਾਸਲੇ ਤੇ ਬੂਟੇ ਲਗਾਉਣੇ ਹਨ ਅਤੇ ਉਨ੍ਹਾਂ ਦੇ ਸਟੈਂਡਰਡ ਸਾਈਜ਼ ਦੇ ਟੋਏ (3'×3') ਪੁੱਟ ਕੇ ਤਿਆਰ ਕਰ ਲੈਣੇ ਚਾਹੀਦੇ ਹਨ । ਇਸ ਤੋਂ ਬਿਨ੍ਹਾਂ ਬੂਟਿਆਂ ਦੀ ਬੁਕਿੰਗ ਸਰਕਾਰੀ ਨਰਸਰੀਆਂ ਵਿਚ ਵੀ ਪਹਿਲਾਂ ਹੀ ਕਰਵਾ ਦੇਣੀ ਚਾਹੀਦੀ ਹੈ ਨਹੀਂ ਤਾਂ ਕਈ ਵਾਰ ਮੌਕੇ ਤੇ ਸਹੀ ਕਿਸਮ ਅਤੇ ਸਾਈਜ਼ ਦੇ ਬੂਟੇ ਉਪਲਬਧ ਨਹੀਂ ਹੁੰਦੇ ।

ਬਰਸਾਤ ਰੁੱਤ ਵਿੱਚ ਲੱਗਣ ਵਾਲੇ ਸਾਰੇ ਸਦਾਬਹਾਰ ਬੂਟੇ ਨਰਸਰੀ ਤੋਂ ਲਿਆਉਣ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਬੂਟੇ ਲੋਡ ਕਰਨ ਤੋਂ ਪਹਿਲਾਂ ਟਰਾਲੀ/ਜੀਪ/ਰੇਹੜੀ ਆਦਿ ਵਿੱਚ ਪਹਿਲਾਂ ਪਰਾਲੀ/ਘਾਹ-ਫੂਸ ਜਾਂ ਮਿੱਟੀ ਪਾ ਲੈਣੀ ਚਾਹੀਦੀ ਹੈ ਤਾਂਕਿ ਢੋਆ-ਢੁਆਈ ਦੌਰਾਨ ਬੂਟੇ ਦੀ ਗਾਚੀ ਨਾ ਟੁੱਟ ਜਾਵੇ, ਨਹੀਂ ਤਾਂ ਜਿਸ ਕਰਕੇ ਬੂਟਿਆਂ ਦੀ ਮਰਨ ਦਰ ਕਾਫੀ ਵੱਧ ਸਕਦੀ ਹੈ । ਜੇਕਰ ਤੁਸੀਂ ਬਾਗ ਲਗਾਉਣਾ ਹੈ ਤਾਂ ਘੱਟੋ-ਘੱਟ 10% ਉਸੇ ਕਿਸਮ ਦੇ ਬੂਟੇ ਵਾਧੂ ਮਾਤਰਾ ਵਿੱਚ ਲੈਣੇ ਚਾਹੀਦੇ ਹਨ । ਨਹੀਂ ਤਾਂ ਬਾਅਦ ਵਿੱਚ ਬੂਟੇ ਮਿਲਣੇ ਮੁਸ਼ਕਿਲ ਹੋ ਜਾਂਦੇ ਹਨ । ਜੇਕਰ ਤੁਸੀਂ ਪੱਤਝੜ ਵਾਲੇ ਬੂਟੇ ਨਰਸਰੀ ਤੋਂ ਲਿਆਉਣੇ ਹਨ ਤਾਂ ਉਨ੍ਹਾਂ ਨੂੰ ਵੀ ਲਿਆਉਣ ਸਮੇਂ ਗਿੱਲੀ ਬੋਰੀ ਨਾਲ ਲਪੇਟ ਕੇ ਲਿਆਉਣੇ ਚਾਹੀਦੇ ਹਨ, ਜਿਸ ਨਾਲ ਬੂਟਿਆਂ ਦੀਆਂ ਜੜ੍ਹਾਂ ਨਹੀਂ ਸੁੱਕਦੀਆਂ ਅਤੇ ਜਖਮੀ ਨਹੀਂ ਹੁੰਦੀਆਂ । ਬੂਟੇ ਲਗਾਉਣ ਸਮੇਂ ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਬੂਟੇ ਦੀ ਪਿਉਂਦ ਵਾਲੀ ਜਗ੍ਹਾਂ ਤੋਂ ਪਲਾਸਟਿਕ ਦੀ ਪੱਟੀ ਕੱਟ ਦੇਣੀ ਚਾਹੀਦੀ ਹੈ, ਨਹੀਂ ਤਾਂ ਬੂਟਾ ਵਾਧੇ ਸਮੇਂ ਘੁੱਟਿਆ ਜਾਂਦਾ ਹੈ ਅਤੇ ਬੂਟਾ ਹਨੇਰੀ ਆਉਣ ਨਾਲ ਟੁੱਟ ਜਾਂਦਾ ਹੈ । ਇਸ ਤੋਂ ਬਿਨਾਂ ਪਿਉਂਦ ਤੋਂ ਹੇਠਾਂ ਨਵੀਂ ਫੁਟੀ ਹੋਈ ਟਾਹਣੀ ਮੌਕੇ 'ਤੇ ਹੀ ਤੋੜ ਦਿਉ ਅਤੇ ਬਾਅਦ ਵਿੱਚ ਵੀ ਲਗਾਤਾਰ ਤੋੜਦੇ ਰਹੋ । ਜੇਕਰ ਬੂਟਾ ਲਾਉਣ ਤੋਂ ਪਹਿਲਾਂ ਪਿਉਂਦ ਵਾਲੀ ਦਵਾਈ ਨਹੀਂ ਪਾਈ ਤਾਂ ਹੁਣ ਪਾਣੀ ਦੇਣ ਸਮੇਂ 20 ਮਿ. ਲੀ. ਕਲੋਰੋਪਾਈਰੀਫਾਸ 20 ਈ. ਸੀ. 10 ਲੀਟਰ ਪਾਣੀ ਵਿੱਚ ਘੋਲ ਕੇ ਪਾ ਦਿਉ । ਜੇਕਰ ਬੂਟਾ ਲਗਾਉਣ ਸਮੇਂ ਟੇਡਾ ਹੁੰਦਾ ਹੈ ਤਾਂ ਉਸ ਨੂੰ ਸੋਟੀ ਗੱਡ ਕੇ ਸਹਾਰਾ ਦੇ ਦਿਉ ।

ਨਵੇਂ ਬਾਗ ਲਗਾਉਣ ਲਈ ਬਾਗਬਾਨੀ ਵਿਭਾਗ ਪੰਜਾਬ ਵੱਲੋਂ ਸਿਫਾਰਿਸ਼ ਕੀਤੀਆਂ ਕਿਸਮਾਂ ਹੀ ਲਗਾਉ ।

ਸਾਰਣੀ-1 : ਫਲਦਾਰ ਬੂਟੇ, ਕਿਸਮਾਂ, ਬੂਟਿਆਂ ਵਿਚਕਾਰ ਫਾਸਲਾ ਅਤੇ ਬੂਟਿਆਂ ਦੀ ਗਿਣਤੀ

ਲ. ਨੰ.	ਫਲਦਾਰ ਬੂਟੇ ਦਾ ਨਾਂ	ਕਿਸਮ	ਬੂਟਿਆਂ ਵਿਚਕਾਰ ਫਾਸਲਾ	ਬੂਟਿਆਂ ਦੀ ਗਿਣਤੀ / ਏਕੜ
1.	ਅੰਬ	1. ਅਮਰਪਾਲੀ, ਅਚਾਰ ਲਈ--ਰਾਮ ਕੇਲਾ 2. ਦੁਸਹਿਰੀ, ਮਲਕਾ, ਅਲਫੈਂਜੋ, 3. ਲੰਗੜਾ, ਚੌਂਸਾ, ਚੂਪਣ ਲਈ--ਗੰਗੀਆ ਸੰਧੂਰੀ, ਜੀ ਐੱਨ-1, ਜੀ ਐੱਨ-2, ਜੀ ਐੱਨ-3,ਜੀ ਐੱਨ-4,ਜੀ ਐੱਨ-5, ਜੀ ਐੱਨ-6,ਜੀ ਐੱਨ-17 ਅਤੇ ਦੇਸੀ ਅੰਬ	20'×20' 25'×25' 30'×30'	110 72 50
2.	ਅਮਰੂਦ	ਇਲਾਹਾਬਾਦੀ ਸਫੈਦਾ, ਪੰਜਾਬ ਸਫੈਦਾ, ਪੰਜਾਬ ਕਿਰਨ, ਪੰਜਾਬ ਪਿੰਕ, ਸ਼ਵੇਤਾ, ਹਿਸਾਰ, ਸਫੈਦਾ, ਹਿਸਾਬ ਸੁਰਖ	20'×17' 20'×10'	132 220
3.	ਨਿੰਬੂ ਜਾਤੀ	ਸੰਤਰਾ - ਕਿੰਨੂ, ਡੇਜ਼ੀ, ਮਰਕਟ ਮਾਲਟਾ - ਮੁਸੰਮੀ, ਵਲੈਨਸੀਆ, ਜਾਫਾ, ਬਲੱਡ ਰੈੱਡ ਗਰੇਪ ਫਰੂਟ : ਸਟਾਰ ਰੂਬੀ, ਰੈਡ ਬਲਸ਼, ਮਾਰਸ ਸੀਡਲੈਸ, ਡਨਕਨ, ਫਾਸਟਰ । ਨਿੰਬੂ - ਪੰਜਾਬ ਬਾਰਾਮਾਸੀ ਲੈਮਨ, ਪੰਜਾਬ ਗਲਗਲ, ਪੀ.ਏ.ਯੂ. ਬਾਰਾਮਾਸੀ ਲੈਮਨ ਨੰ.1, ਯੂਰੇਕਾ, ਕਾਗਜ਼ੀ ਨਿੰਬੂ, ਮਿੱਠਾ	20'×20' 20'×10'	110 220
4.	ਬੇਰ	ਉਮਰਾਨ, ਸਨੌਰ ਨੰ: 2	25'×25'	72
5.	ਲੀਚੀ	ਦੇਹਰਾਦੂਨ, ਕਲਕੱਤੀਆ, ਸੀਡਲੈਸ ਲੇਟ	25'×25'	72
6.	ਆਂਵਲਾ	ਐਨ ਏ-7, ਐਨ ਏ-10, ਬਲਵੰਤ, ਨੀਲਮ, ਕੰਚਨ, ਚਕੱਈਆ	25'×25'	72
7.	ਕੇਲਾ	ਗਰੈਂਡ ਨੈਨ	6'×6'	1230
8.	ਚੀਕੂ	ਕਾਲੀ ਪੱਤੀ, ਕਰਿਕਟ ਬਾਲ	30'×30' 25'×25'	49 72
9.	ਪਪੀਤਾ	ਰੈਡ ਲੇਡੀ-786 (ਹਾਈਬਰਿਡ ਵਰਾਇਟੀ ਮੇਲ ਅਤੇ ਫੀਮੇਲ ਫਲਾਵਰ ਦੋਨੋ), ਹਨੀ ਡਿਊ, ਪੂਸਾ ਡਿਲੀਸੀਅਸ, ਪੰਜਾਬ ਸਵੀਟ	5'×5' 10'×5'	1760 871
10.	ਅਨਾਰ	ਭਗਵਾ, ਗਨੇਸ਼, ਕੰਧਾਰੀ	10'×10'	440
11.	ਫਾਲਸਾ	ਲੋਕਲ ਵਰਾਇਟੀ	5'×5' 10'×5'	1760 871
12.	ਲੋਕਾਠ	ਗੋਲਡਨ ਯੈਲੋ, ਪੇਲ ਯੈਲੋ, ਕੈਲੇਫੋਰਨੀਆ ਅਡਵਾਂਸ	22'×22' 20'×20'	90 110
13.	ਅੰਜ਼ੀਰ	ਲੋਕਲ ਅਤੇ ਬਰਾਉਨ ਟਰਕੀ	20'×20'	110
14.	ਬਿਲ	ਲੋਕਲ ਅਤੇ ਕਾਗਜ਼ੀ	30'×30'	49
15.	ਨਾਖ	ਸਖਤ-ਪੱਥਰ ਨਾਖ, ਨਰਮ-ਪੰਜਾਬ ਨੈਕਟਰ, ਪੰਜਾਬ ਬਿਊਟੀ, ਪੰਜਾਬ ਗੋਲਡ, ਪੰਜਾਬ ਸੋਫਟ	25'×25'	72
16.	ਆੜੂ	ਸ਼ਾਨੇ ਪੰਜਾਬ, ਪ੍ਰਤਾਪ, ਫਲੋਰਡਾ ਪ੍ਰਿੰਸ, ਅਰਲੀ ਗਰੈਂਡ, ਪ੍ਰਭਾਤ, ਪੰਜਾਬ ਨੈਕਟਰੀਨ	22'×22' 20'×20'	90 110
17.	ਅੰਗੂਰ	ਪਰਲਿਟ, ਫਲੇਮ ਸੀਡਲੈਸ, ਬਿਊਟੀ ਸੀਡਲੈਸ, ਸੁਪੀਰੀਅਰ ਸੀਡਲੈਸ	10'×10'	440
18.	ਆਲੂ ਬੁਖਾਰਾ	ਕਾਲਾ ਅੰਮ੍ਰਿਤਸਰੀ, ਸਤਲੁਜ ਪਰਪਲ ।	20'×20'	110

ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਨਾਲ ਸੰਪਰਕ ਕਰ ਲੈਣਾ ਚਾਹੀਦਾ ਹੈ ।

ਰੁੱਖ ਬੋਲ ਨਾ ਸਕਦੇ ਭਾਵੇਂ...

ਮਨੁੱਖਾ ਜੀਵਨ ਦੇ ਇਤਿਹਾਸ ਵਿਚ ਇਕ ਅਜਿਹਾ ਸਮਾਂ ਸੀ, ਜਦੋਂ ਮਨੁੱਖ ਜੰਗਲਾਂ, ਬੇਲਿਆਂ ਪਹਾੜਾਂ ਦੀਆਂ ਕੁੰਦਰਾਂ ਗੁਫਾਵਾਂ ਅਤੇ ਰੱਖਾਂ ਦੇ ਆਸਰੇ ਆਪਣਾ ਜੀਵਨ ਬਸਰ ਕਰਦਾ ਸੀ । ਉਸ ਸਮੇਂ ਜੰਗਲਾਂ ਬੇਲਿਆਂ ਵਿਚ ਪਸ਼ੂਆਂ, ਜਾਨਵਰਾਂ ਸੰਗ ਰਹਿਣ ਕਾਰਨ ਉਹ ਆਪਣਾ ਪੇਟ ਫਲ, ਫੁੱਲ, ਹੋਰ ਜੰਗਲੀ ਜੜੀਆਂ-ਬੂਟੀਆਂ ਖਾ ਕੇ ਭਰਦਾ ਸੀ । ਭਾਵੇਂ ਕਾਫੀ ਲੰਮੇ ਸਮੇਂ ਬਾਅਦ ਉਹ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਕੇ ਪਹਿਲਾਂ ਕੱਚਾ ਮਾਸ ਅਤੇ ਫਿਰ ਹੌਲੀ ਹੌਲੀ ਮਾਸ ਭੁੰਨ ਕੇ ਖਾਂਦਾ ਰਿਹਾ ਹੈ । ਪਰੰਤੂ ਫੇਰ ਵੀ ਉਸ ਦੀ ਬਹੁਤੀ ਗੁਜ਼ਰ

ਬਸਰ ਫਲਾਂ ਅਤੇ ਫੁੱਲਾਂ ਉੱਤੇ ਹੀ ਨਿਰਭਰ ਸੀ ।

ਰੁੱਖ, ਮਨੁੱਖ ਦੀਆਂ ਖਾਣ ਪੀਣ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਇਲਾਵਾ ਉਸ ਨੂੰ ਅਤਿ ਦੀ ਸਰਦੀ, ਗਰਮੀਂ, ਮੀਂਹ, ਔੜਾਂ ਤੋਂ ਵੀ ਬਚਾਉਂਦੇ ਰਹੇ ਹਨ । ਇਸ ਪ੍ਰਕਾਰ ਰੁੱਖਾਂ ਦੀ ਮਨੁੱਖਾਂ ਨਾਲ ਸਾਂਝ ਬਹੁਤ ਪੁਰਾਣੇ ਸਮੇਂ ਤੋਂ ਚਲੀ ਆਉਂਦੀ ਹੈ ।

ਸ਼ਾਇਦ ਇਸੇ ਕਰਕੇ ਪੰਜਾਬ ਦੇ ਲੋਕ ਸਾਹਿਤ ਵਿਚ ਰੁੱਖ ਅਤੇ ਮਨੁੱਖ ਦੀ ਸਾਂਝ ਨੂੰ ਬਹੁਤ ਹੀ ਮੋਹ-ਮੁਹੱਬਤ, ਪਿਆਰ ਅਤੇ ਖੂਬਸੂਰਤੀ ਸਹਿਤ ਚਿੱਤਰਿਆ ਗਿਆ ਹੈ-

'ਰੁੱਖ ਬੋਲ ਨਾ ਸਕਦੇ ਭਾਵੇ,
ਬੰਦਿਆਂ ਦਾ ਦੁੱਖ ਜਾਣਦੇ ।'
'ਬਿਰਖਾਂ ਦਾ ਗੀਤ ਸੁਣ ਕੇ,
ਮੇਰੀ ਰੂਹ ਵਿਚ ਚਾਨਣ ਹੋਇਆ ।'

ਪੰਜਾਬੀ ਭਾਸ਼ਾ ਦੇ ਪਹਿਲੇ ਮਹਾਨ ਕਵੀ ਬਾਬਾ ਸ਼ੇਖ ਫਰੀਦ ਜੀ ਨੇ ਦਰਵੇਸ਼ਾਂ ਨੂੰ ਰੁੱਖਾਂ ਵਰਗੇ ਜੇਰੇ ਦੇ ਧਾਰਨੀ ਹੋਣ ਦਾ ਸੰਦੇਸ਼ ਦਿੱਤਾ ਹੈ-

'ਫਰੀਦਾ ਸਾਹਿਬ ਦੀ ਕਰ ਚਾਕਰੀ
ਦਿਲ ਦੀ ਲਾਹਿ ਭਰਾਂਦਿ ।
ਦਰਵੇਸਾਂ ਨੋ ਲੋੜੀਐ
ਰੁਖਾਂ ਦੀ ਜੀਰਾਂਦ ॥'

ਪੰਜਾਬੀ ਦੇ ਮਹਾਨ ਸ਼ਾਇਰ ਪਦਮਸ਼੍ਰੀ ਐਵਾਰਡ ਨਾਲ ਸਨਮਾਨਿਤ ਡਾ. ਸੁਰਜੀਤ ਪਾਤਰ ਦੀਆਂ ਬਹੁਤੀਆਂ ਗਜ਼ਲਾਂ ਅਤੇ ਕਵਿਤਾਵਾਂ ਵਿਚ ਰੁੱਖਾਂ, ਫੁੱਲਾਂ , ਬੂਟਿਆਂ, ਪੱਤਿਆਂ, ਟਾਹਣੀਆਂ, ਕੋਂਪਲਾਂ, ਤਣਿਆਂ, ਜੰਗਲਾਂ ਦੀ ਗੱਲ ਕੀਤੀ ਗਈ ਹੈ-

'ਮੈਂ ਕਿਹਾ ਰੁੱਖ ਨੂੰ ਕੋਈ ਨਜ਼ਮ ਸੁਣਾ,
ਡਾਲੀ ਡਾਲੀ 'ਚੋਂ ਪੁੰਗਰੇ ਹਰਫ ਹਰੇ ।'

ਪਾਤਰ ਦੀ ਇਹ ਗਜ਼ਲ ਰੁੱਖਾਂ ਨਾਲ ਬੜੀ ਡੂੰਘੀ ਅਤੇ ਸ਼ਿੱਦਤ ਭਰੀ ਸਾਂਝ ਨੂੰ ਬਿਆਨ ਕਰਦੀ ਹੈ -

'ਕੋਈ ਡਾਲੀਆਂ ਚੋਂ ਲੰਘਿਆ ਹਵਾ ਬਣਕੇ,
ਅਸੀਂ ਰਹਿ ਗਏ ਬਿਰਖ ਵਾਲੀ ਹਾਅ ਬਣਕੇ ।
ਪੈੜਾਂ ਤੇਰੀਆਂ 'ਤੇ ਦੂਰ ਦੂਰ ਤੀਕ ਮੇਰੇ ਪੱਤੇ,
ਡਿੱਗੇ ਮੇਰੀਆਂ ਬਹਾਰਾਂ ਦਾ ਗੁਨਾਹ ਬਣ ਕੇ ।
ਪਿਆ ਅੰਬੀਆਂ ਨੂੰ ਬੂਰ ਸੀ ਕਿ ਕੋਇਲ ਕੂਕ ਪਈ,
ਕਿਸੇ ਜਿੰਦ ਬੀਆਬਾਨ ਦੀ ਗਵਾਹ ਬਣ ਕੇ ।
ਕਦੇ ਬੰਦਿਆਂ ਦੇ ਵਾਂਗ ਗੱਲ ਕਰਿਆ ਵੀ ਕਰ,
ਐਵੇਂ ਲੰਘ ਜਾਨੈਂ ਪਾਣੀ ਕਦੇ ਵਾ ਬਣ ਕੇ ।
ਜਦੋਂ ਮਿਲਿਆ ਸੀ ਹਾਣ ਦਾ ਸਾਂਵਰਾ ਜਿਹਾ,
ਜਦੋਂ ਜੁਦਾ ਹੋਇਆ ਤੁਰ ਗਿਆ ਖੁਦ ਬਣ ਕੇ ।'

ਰੁੱਖ ਮੁੱਢ ਤੋਂ ਹੀ ਸਾਡੇ ਪੇਂਡੂ ਜਨ ਜੀਵਨ ਦਾ ਧੁਰਾ ਬਣ ਰਹੇ ਹਨ । ਅੱਜ ਤੋਂ ਲਗਭਗ ਚਾਰ ਪੰਜ ਦਹਾਕੇ ਪਹਿਲਾਂ ਜਦੋਂ ਵੀ ਕਿਤੇ ਪਿੰਡ ਵਿਚ ਕੋਈ ਨਵਾਂ ਰਿਸ਼ਤੇਦਾਰ ਆਉਂਦਾ ਤਾਂ ਉਹ ਘਰ ਦਾ ਪਤਾ ਨਿੰਮ, ਬੋਹੜ ਅਤੇ ਪਿੱਪਲ ਦੀ ਤ੍ਰਿਵੈਣੀ ਥੱਲੇ ਬੈਠੇ ਵੱਡੇ ਬਜ਼ੁਰਗਾਂ ਤੋਂ ਹੀ ਪੁੱਛਦਾ ਹੁੰਦਾ ਸੀ । ਬਜ਼ੁਰਗ ਵੀ ਉਸ ਨੂੰ ਸੰਬੰਧਿਤ ਘਰ ਵਿਚ ਲੱਗੇ ਰੁੱਖ ਦੀ ਨਿਸ਼ਾਨੀ ਦੱਸ ਕੇ ਘਰ ਦਾ ਪਤਾ ਸਮਝਾ ਦਿੰਦੇ ਸਨ ।

ਜਦੋਂ ਵੀ ਪਿੰਡ ਵਿਚ ਕੋਈ ਫੇਰੀ ਵਾਲਾ ਆਉਂਦਾ ਸੀ ਤਾਂ ਉਹ ਵੀ ਬੋਹੜ ਪਿੱਪਲ ਦੀ ਗੂੜ੍ਹੀ ਛਾਂ ਹੇਠ ਬੈਠ ਕੇ ਆਰਾਮ ਕਰਦਾ ਸੀ, ਕਿਉਂ ਜੋ ਉਨ੍ਹਾਂ ਰੁੱਖਾਂ ਦੀ ਠੰਢੀ ਛਾਂ ਕਿਸੇ ਵੀ ਕੂਲਰ ਏਸੀ ਦੇ ਹਵਾ ਨੂੰ ਮਾਤ ਪਾਉਂਦੀ ਸੀ ।

ਘਰਾਂ ਵਿਚ ਲੱਗੇ ਨਿੰਮ ਦੇ ਰੁੱਖ ਕਿਸੇ ਦਵਾਈ ਤੋਂ ਘੱਟ ਨਹੀਂ ਸਨ । ਸਿਆਣਿਆਂ ਦੀਆਂ ਕਹੀਆਂ ਗੱਲਾਂ-ਜਿਸ ਘਰ ਨਿੰਮ ਦਾ ਰੁੱਖ ਹੋਵੇ, ਉਹ ਘਰ ਰੋਗਾਂ ਤੋਂ ਰਹਿਤ ਹੁੰਦਾ ਹੈ । ਪਿੰਡ ਵਿਚ ਜੇਕਰ ਕਿਸੇ ਨੂੰ ਚਮੜੀ ਦਾ ਕੋਈ ਰੋਗ ਹੋ ਜਾਂਦਾ ਤਾਂ ਉਦੋਂ ਸਭ ਤੋਂ ਪਹਿਲਾਂ ਇਹ ਦੇਖਿਆ ਜਾਂਦਾ ਕਿ ਨਿੰਮ ਦਾ ਰੁੱਖ ਕਿਸ ਦੇ ਵਿਹੜੇ ਲੱਗਾ ਹੈ । ਉਸ ਘਰ ਵਿਚੋਂ ਲੋਕ ਸਵੇਰ ਵੇਲੇ ਨਿੰਮ ਦੀ ਦਾਤਣ ਵੀ ਤੋੜ ਲਿਆਉਂਦੇ ਸਨ ।

ਧਰੇਕ ਦੀ ਗੂੜ੍ਹੀ ਸੰਘਣੀ ਛਾਂ ਹੋਣ ਕਾਰਨ ਬਹੁਤੇ ਪੇਂਡੂ ਘਰਾਂ ਦਾ ਸ਼ਿੰਗਾਰ ਬਣਦੀ ਰਹੀ ਹੈ । ਦੁਪਹਿਰ ਵੇਲ ਲੋਕ ਅਕਸਰ ਇਨ੍ਹਾਂ ਦੀ ਛਾਂ ਹੇਠ ਬੈਠ ਕੇ ਇਕ ਤਾਂ ਤਿੱਖੀ ਧੁੱਪ ਤੋਂ ਬਚਾਅ ਕਰਦੇ ਸਨ, ਦੂਜਾ ਉਹ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰ ਲੈਂਦੇ ਸਨ । ਜਿਨ੍ਹਾਂ ਘਰਾਂ ਵਿਚ ਬੱਕਰੀਆਂ ਰੱਖੀਆਂ ਹੁੰਦੀਆਂ ਸਨ, ਉਨ੍ਹਾਂ ਘਰਾਂ ਵਿਚ ਧ੍ਰੇਕ ਦਾ ਰੁੱਖ ਵੀ ਜ਼ਰੂਰ ਹੁੰਦਾ ਸੀ । ਇਸੇ ਕਰਕੇ ਧੀਆਂ ਅਤੇ ਧਰੇਕਾਂ ਨੂੰ ਘਰ ਦੇ ਵਿਹੜੇ ਦਾ ਸ਼ਿੰਗਾਰ ਕਿਹਾ ਗਿਆ ਹੈ -

'ਧੀਆਂ ਅਤੇ ਧਰੇਕਾਂ ਹੁੰਦੀਆਂ ਰੌਣਕ ਵਿਹੜੇ ਦੀ ।'

ਜੇਕਰ ਕਿਸੇ ਘਰ ਵਿਚ ਰੋਟੀ ਖਾਣ ਲਈ ਕੋਈ ਦਾਲ ਸਬਜ਼ੀ ਨਾ ਬਣਾਈ ਗਈ ਹੁੰਦੀ, ਉਹ ਕਿਸੇ ਦੂਜੇ ਘਰੋਂ ਅੰਬੀਆਂ, ਕਿਸੇ ਹੋਰ ਘਰੋਂ ਪੁਦੀਨਾ ਤੋੜ ਕੇ ਚਟਣੀ ਕੁੱਟ ਲੈਂਦੇ ਸਨ । ਇਸ ਪ੍ਰਕਾਰ ਸਾਡੇ ਪੇਂਡੂ ਜਨ-ਜੀਵਨ ਵਿਚ ਰੁੱਖਾਂ ਨਾਲ ਭਾਈਚਾਰਕ ਸਾਂਝ ਬੜੀ ਪੀਡੀ ਹੁੰਦੀ ਰਹਿੰਦੀ ਸੀ ।

ਪਰੰਤੂ ਅੱਜ ਦੇ ਸਮੇਂ ਇਹ ਰੁੱਖ ਕੇਵਲ ਸਾਡੇ ਘਰਾਂ ਵਿਚੋਂ ਹੀ ਅਲੋਪ ਨਹੀਂ ਹੋਏ, ਸਗੋਂ ਪਿੰਡਾਂ ਦੀਆਂ ਸਾਂਝੀਆਂ ਥਾਂਵਾਂ ਉੱਤੇਂ, ਸ਼ਾਮਲਾਟਾਂ ਵਿਚੋਂ, ਖੇਤਾਂ ਵਿਚ ਪਾਣੀ ਦੀਆਂ ਮੋਟਰਾਂ ਉੱਤੇਂ, ਖਾਲਾਂ, ਵੱਟਾਂ ਉੱਤੇਂ, ਸਕੂਲਾਂ ਕਾਲਜਾਂ ਵਿਚੋਂ ਸੜਕਾਂ ਕੰਢਿਓਂ, ਕੱਸੀਆਂ, ਸੂਇਆਂ, ਨਹਿਰਾਂ ਦੇ ਕੰਢਿਆਂ ਉੱਤੇਂ ਵੀ ਅਲੋਪ ਹੁੰਦੇ ਜਾ ਰਹੇ ਹਨ । ਇੱਥੇ ਪੰਜਾਬ ਦੀ ਪ੍ਰਸਿੱਧ ਸ਼ਾਇਰ ਡਾ. ਸੁਰਜੀਤ ਪਾਤਰ ਦੀ ਇਕ ਨਜ਼ਮ ਦੀਆਂ ਹੇਠ ਲਿਖੀਆਂ ਸਤਰਾਂ ਬੜੀਆਂ ਸਾਰਥਕ ਜਾਪਦੀਆਂ ਹਨ :-

'ਪੰਛੀ ਤਾਂ ਉੱਡ ਗਏ ਨੇ,
ਰੁੱਖ ਵੀ ਸਲਾਹਾਂ ਕਰਦੇ,
ਚਲੋ ਏਥੋਂ ਚੱਲੀਏ ।'

ਸੱਚ ਤਾਂ ਇਹ ਹੈ ਕਿ ਅੱਜ ਦਾ ਮਨੁੱਖ ਹੀ ਪ੍ਰਕਿਰਤੀ ਦਾ ਸਭ ਤੋਂ ਖਤਰਨਾਕ ਦੁਸ਼ਮਣ ਬਣ ਬੈਠਾ ਹੈ । ਸਮੁੱਚੇ ਸਮਾਜ ਵਿਚ ਪ੍ਰਦੂਸ਼ਣ ਫੈਲਾਉਣ ਲਈ ਉਹੀ ਸਭ ਤੋਂ ਵੱਧ ਜ਼ਿੰਮੇਵਾਰ ਹੈ । ਮਨੁੱਖ ਨੇ ਆਪਣੀ ਲਾਲਚੀ ਸਵਾਰਥੀ ਪ੍ਰਵਿਰਤੀ ਕਾਰਨ ਅੰਨ੍ਹੇਵਾਹ ਰੁੱਖਾਂ ਦੀ ਕਟਾਈ ਕੀਤੀ ਹੈ ਤੇ ਹੁਣ ਵੀ ਕੀਤੀ ਜਾ ਰਹੀ ਹੈ । ਸੜਕਾਂ ਚੌੜੀਆਂ ਕਰਨ ਦੇ ਨਾਂ ਉੱਤੇ ਲੱਖਾਂ ਕਰੋੜਾਂ ਰੁੱਖਾਂ ਉੱਤੇ ਆਰਾ ਫੇਰਿਆ ਜਾ ਰਿਹਾ ਹੈ । ਇਸੇ ਤਰ੍ਹਾਂ ਆਪਣੇ ਸਵਾਰਥਾਂ ਦੀ ਸਿੱਧੀ ਲਈ ਮਨੁੱਖ ਨੇ ਬੜੀ ਬੇਰਹਿਮੀ ਨਾਲ ਧਰਤੀ ਅੰਦਰਲੇ ਪਾਣੀ ਨੂੰ ਬਾਹਰ ਖਿੱਚ ਲਿਆ ਹੈ ਅਤੇ ਬੜੀ ਬੇਦਰਦੀ ਨਾਲ ਉਸ ਨੂੰ ਬਰਬਾਦ ਕੀਤਾ ਜਾ ਰਿਹਾ ਹੈ । ਇਸੇ ਕਰਕੇ ਹੁਣ ਪਾਣੀ ਦਾ ਪੱਧਰ ਏਨਾ ਹੇਠਾਂ ਚਲਾ ਗਿਆ ਹੈ ਕਿ ਸਥਿਤੀ ਭਿਆਨਕਤਾ ਤੋਂ ਅੱਗੇ ਲੰਘ ਕੇ ਖਤਰਨਾਕ ਰੂਪ ਅਖਤਿਆਰ ਕਰਦੀ ਜਾ ਰਹੀ ਹੈ ।

ਮਨੁੱਖ ਨੇ ਆਪਣੀ ਸਵਾਰਥੀ ਮਤਲਬਪ੍ਰਸਤ ਰੁਚੀ ਕਾਰਨ ਫਸਲਾਂ ਦਾ ਵਧੇਰੇ ਝਾੜ ਲੈਣ ਲਈ ਵੱਖ-ਵੱਖ ਪ੍ਰਕਾਰ ਦੀਆਂ ਬੇਤਹਾਸ਼ਾ ਜ਼ਹਿਰਾਂ ਛਿੜਕ ਕੇ ਧਰਤੀ ਨੂੰ ਪੂਰੀ ਤਰ੍ਹਾਂ ਪਲੀਤ ਕਰ ਦਿੱਤਾ ਹੈ । ਆਪਣੀ ਇਸੇ ਲਾਲਚੀ ਪ੍ਰਵਿਰਤੀ ਕਾਰਨ ਉਹ ਹਾੜ੍ਹੀ ਸਾਉਣੀ ਦੀ ਫਸਲ ਵੱਢਣ ਉਪਰੰਤ ਨਾੜ ਨੂੰ ਅੱਗ ਲਾ ਕੇ ਸਾੜਨ ਲੱਗ ਪਿਆ ਹੈ । ਇਸ ਤਰ੍ਹਾਂ ਅੱਗ ਲਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਤਾਂ ਘਟਦੀ ਹੀ ਹੈ, ਇਸ ਦੇ ਨਾਲ ਹੀ ਮਨੁੱਖ ਦੇ ਬਹੁਤ ਸਾਰੇ ਮਿੱਤਰ ਜੀਵ, ਕੀੜੇ ਮਕੌੜੇ ਵੀ ਅੱਗ ਵਿਚ ਸੜ ਸੁੱਕ ਜਾਂਦੇ ਹਨ । ਹਜ਼ਾਰਾਂ ਲੱਖਾਂ ਪੰਛੀ ਆਲ੍ਹਣਿਆਂ ਸਮੇਤ ਇਸ ਬਲਦੀ ਅੱਗ ਵਿਚ ਸੜ ਕੇ ਸੁਆਹ ਹੋ ਜਾਂਦੇ ਹਨ । ਹੁਣ ਸਵਾਲ ਤਾਂ ਇਹ ਹੈ ਕਿ ਅੱਜ ਦਾ ਮਨੁੱਖ ਏਨਾ ਜ਼ਾਲਮ, ਬੇਕਿਰਕ, ਨਿਰਦਈ, ਸੰਵੇਦਨਹੀਣ ਕਿਉਂ ਹੋ ਗਿਆ ਹੈ ? ਉਹ ਆਪ ਹੀ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਬਰਬਾਦੀ ਦੇ ਮੂੰਹ ਕਿਉਂ ਧੱਕ ਰਿਹਾ ਹੈ ?

ਜੇਕਰ ਰੁੱਖ ਹੀ ਨਹੀਂ ਰਹਿਣਗੇ ਤਾਂ ਇਸ ਧਰਤੀ ਉੱਤੇ ਕੇਵਲ ਮਨੁੱਖੀ ਜਨ-ਜੀਵਨ ਨੂੰ ਹੀ ਨਹੀਂ, ਸਗੋਂ ਹਰੇਕ ਪ੍ਰਾਣੀ ਦੇ ਜਿਊਂਦੇ ਰਹਿਣ ਦੀ ਸੰਭਾਵਨਾ ਹੀ ਖਤਮ ਹੋ ਜਾਣੀ ਹੈ । ਇਸ ਲਈ ਆਓ, ਆਪਾਂ ਸਾਰੇ ਰਲ ਬੈਠ ਇਸ ਧਰਤੀ ਨੂੰ ਸੋਹਣੀ ਅਤੇ ਹਰਿਆਵਲ ਭਰਪੂਰ ਬਣਾਉਣ ਲਈ ਪ੍ਰਣ ਕਰੀਏ । ਆਪਣੀ ਲਾਲਚੀ ਪ੍ਰਵਿਰਤੀ ਦਾ ਤਿਆਗ ਕਰੀਏ । ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਲਈ ਫਿਕਰਮੰਦ ਹੋਈਏ । ਘਰ ਘਰ, ਗਲੀ ਗਲੀ, ਪਿੰਡ ਪਿੰਡ, ਖੇਤ ਖੇਤ ਨਵੇਂ ਪੌਦੇ ਲਾ ਕੇ ਭਰ ਦੇਈਏ । ਉਨ੍ਹਾਂ ਨੂੰ ਉਸੇ ਤਰ੍ਹਾਂ ਪਾਲੀਏ, ਜਿਵੇਂ ਅਸੀਂ ਆਪਣੇ ਘਰਾਂ ਅੰਦਰ ਛੋਟੇ ਬੱਚਿਆਂ ਨੂੰ ਪਾਲਦੇ ਹਾਂ । ਅਵਾਰਾ ਪਸ਼ੂਆਂ ਤੋਂ ਉਨ੍ਹਾਂ ਨੂੰ ਬਚਾਈਏ ਅਤੇ ਇਸ ਧਰਤੀ ਨੂੰ ਰਹਿਣ ਜੋਗੀ ਕਰ ਲਈਏ ।

- ਡਾ. ਇਕਬਾਲ ਸਿੰਘ ਸਕਰੌਦੀ,
6, ਥਲੇਸ ਬਾਗ ਕਲੋਨੀ, ਸੰਗਰੂਰ
ਮੋ. 84276-85020

ਮੌਨਸੂਨ ਵਿਚ ਜ਼ਿਆਦਾ ਜ਼ਰੂਰੀ ਹੁੰਦੀ ਹੈ

'ਕਿਚਨ ਗਾਰਡਨ' ਦੀ ਲਗਾਤਾਰ ਦੇਖਭਾਲ

ਮੌਨਸੂਨ 'ਚ ਸਾਨੂੰ ਬੂਟਿਆਂ ਨੂੰ ਪਾਣੀ ਖਣਿਜ ਵੀ ਹੁੰਦੇ ਹਨ । ਵਾਤਾਵਰਨ ਵੀ ਕੁਦਰਤ ਦੇ ਅਨੁਸਾਰ ਹੁੰਦਾ ਹੈ, ਉਹ ਜ਼ਿਆਦਾ ਸਾਫ ਸੁਥਰੇ ਅਤੇ ਚਮਕੀਲੇ ਦਿਸਦੇ ਹਨ । ਪਰ ਏਨੇ ਨਾਲ ਸਾਨੂੰ ਆਪਣੀ ਬਗੀਚੀ ਦੀ ਦੇਖਭਾਲ ਦੀ ਘੱਟ ਜ਼ਰੂਰਤ ਹੁੰਦੀ ਹੈ । ਸੱਚਾਈ ਦਾ ਇਹ ਹੈ ਕਿ ਮੌਨਸੂਨ ਦੇ ਦਿਨਾਂ ਵਿਚ ਸਾਨੂੰ ਬਾਕੀ ਮੌਸਮਾਂ ਦੇ ਮੁਕਾਬਲੇ ਆਪਣੀ ਬਗੀਚੀ ਦਾ ਜ਼ਿਆਦਾ ਅਤੇ ਲਗਾਤਾਰ ਧਿਆਨ ਰੱਖਣਾ ਪੈਂਦਾ ਹੈ ਤਾਂ ਹੀ ਸਾਡੀ ਬਗੀਚੀ ਨੂੰ ਕੁਦਰਤ ਦੀ ਸੰਜੀਵਨੀ ਵਰਗੀ ਬਾਰਿਸ਼ ਦਾ ਭਰਪੂਰ ਲਾਭ ਮਿਲਦਾ ਹੈ ।

ਦਰਅਸਲ ਬਾਰਿਸ਼ ਦੇ ਮੌਸਮ ਵਿਚ ਕੁਝ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ । ਪਹਿਲੀ ਤਾਂ ਇਹ ਕਿ ਬਾਰਿਸ਼ ਦੇ ਮੌਸਮ ਵਿਚ ਸਿਰਫ ਸਾਡੀ ਬਗੀਚੀ ਦੇ ਬੂਟਿਆਂ ਦਾ ਚੰਗਾ ਵਾਧਾ ਹੀ ਨਹੀਂ ਹੁੰਦਾ ਸਗੋਂ ਆਲੇ-ਦੁਆਲੇ ਉੱਗ ਆਇਆ ਘਾਹ-ਫੂਸ ਵੀ ਤੇਜ਼ੀ ਨਾਲ ਵਧਦਾ ਹੈ, ਕਿਉਂਕਿ ਉਨ੍ਹਾਂ ਨੂੰ ਵੀ ਕੁਦਰਤ ਦਾ ਪਾਣੀ ਅਤੇ ਮੌਨਸੂਨ ਅਨੁਸਾਰ ਵਾਤਾਵਰਨ ਮਿਲਦਾ ਹੈ । ਇਸ ਲਈ ਮੌਨਸੂਨ ਦੇ ਦਿਨਾਂ ਵਿਚ ਹਰ ਹਫਤੇ ਲਗਾਤਾਰ ਰੂਪ ਵਿਚ ਸਗੋਂ ਕਦੀ-ਕਦੀ ਤਾਂ ਹਫਤੇ ਵਿਚ ਦੋ ਵਾਰ ਬੂਟਿਆਂ

ਦੇ ਆਲੇ-ਦੁਆਲੇ ਉੱਗ ਆਏ ਘਾਹ-ਫੂਸ ਨੂੰ ਕੱਢਣਾ ਜ਼ਰੂਰੀ ਹੋ ਜਾਂਦਾ ਹੈ ਨਹੀਂ ਤਾਂ ਮਿੱਟੀ ਦੀ ਜੋ ਤਾਕਤ ਬੂਟੇ ਨੂੰ ਮਿਲਣੀ ਹੈ, ਉਸ ਵਿਚੋਂ ਕਾਫੀ ਕੁਝ ਇਹ ਘਾਸ-ਫੂਸ ਵੀ ਸਾਂਝਾ ਕਰ ਲੈਂਦਾ ਹੈ । ਜੇਕਰ ਤੁਹਾਡੇ ਬੂਟੇ ਗਮਲੇ ਵਿਚ ਹਨ ਤਾਂ ਧਿਆਨ ਦਿਓ । ਜੇਕਰ ਰਾਤ ਨੂੰ ਤੇਜ਼ ਬਾਰਿਸ਼ ਹੋਈ ਹੈ ਅਤੇ ਤੁਹਾਡੇ ਗਮਲੇ ਪਾਣੀ ਨਾਲ ਭਰ ਗਏ ਹਨ ਤਾਂ ਸਵੇਰ ਹੁੰਦਿਆਂ ਹੀ ਉਸ ਪਾਣੀ ਨੂੰ ਹਰ ਹਾਲ ਵਿਚ ਬੂਟਿਆਂ ਤੋਂ ਕੱਢ ਦਿਓ । ਇਹੀ ਗੱਲ ਜ਼ਮੀਨ ਦੀ ਬਗੀਚੀ ਵਿਚ ਵੀ ਕਰਨੀ ਜ਼ਰੂਰੀ ਹੁੰਦੀ ਹੈ । ਮੌਨਸੂਨ ਦੀ ਬਾਰਿਸ਼ ਦਾ ਪਾਣੀ ਚਾਹੇ ਜਿੰਨਾ ਮਰਜ਼ੀ ਲਾਭਕਾਰੀ ਹੋਵੇ, ਪਰ ਜੇਕਰ ਉਸ ਦੀ ਜ਼ਰੂਰਤ ਨਹੀਂ ਹੈ ਅਤੇ ਉਹ ਬੂਟੇ ਦੇ ਆਲੇ-ਦੁਆਲੇ ਜਮ੍ਹਾ ਹੈ ਤਾਂ ਉਸ ਨਾਲ ਬੂਟਾ ਵਿਕਸਤ ਨਹੀਂ ਹੋਵੇਗਾ ਸਗੋਂ ਮੁਰਝਾਏਗਾ ਹੀ । ਇਸ ਲਈ ਮੌਨਸੂਨ ਦੇ ਦਿਨਾਂ ਵਿਚ ਤੁਹਾਨੂੰ ਵਿਚ ਜਮ੍ਹਾਂ ਨਾ ਰਹੇ । ਕਈ ਵਾਰ ਬਾਰਿਸ਼ ਦੇ ਦਿਨਾਂ ਵਿਚ ਅਚਾਨਕ ਇਕ-ਇਕ ਹਫਤੇ ਤੱਕ ਬਾਰਿਸ਼ ਦਾ ਨਾਮੋਨਿਸ਼ਾਨ ਨਹੀਂ ਹੁੰਦਾ ਅਤੇ ਦਿਨ ਵਿਚ ਬੇਹੱਦ ਤਿੱਖੀ ਧੁੱਪ ਹੁੰਦੀ ਹੈ । ਇਸ ਤਰ੍ਹਾਂ ਬੂਟਿਆਂ ਨੂੰ ਇਸ ਮੌਨਸੂਨ ਦੇ ਇਸ ਮੌਸਮ ਵਿਚ ਲਗਾਤਾਰ ਦੇਖਭਾਲ ਕਰਕੇ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ । ਹਾਂ, ਜਦੋਂ ਬਾਰਿਸ਼ ਹੋ ਜਾਵੇ ਤਾਂ ਪਾਣੀ ਬੰਦ ਕਰ ਦਿਓ । ਬਾਰਿਸ਼ ਦੇ ਮੌਸਮ ਵਿਚ ਬੂਟਿਆਂ ਵਿਚ ਬਹੁਤ ਸਾਰੀਆਂ ਪੱਤੀਆਂ ਉੱਗ ਆਉਂਦੀਆਂ ਹਨ ਅਤੇ ਉਨ੍ਹਾਂ ਦਾ ਤੇਜ਼ੀ ਨਾਲ ਵਿਕਾਸ ਹੁੰਦਾ ਹੈ, ਪਰ ਜੇਕਰ ਬੂਟਿਆਂ ਵਿਚ ਇਹ ਸਾਰੀਆਂ ਪੱਤੀਆਂ ਬਣੀਆਂ ਰਹਿੰਦੀਆਂ ਹਨ ਤਾਂ ਇਸ ਨਾਲ ਬੂਟਿਆਂ ਨੂੰ ਫਾਇਦਾ ਘੱਟ, ਨੁਕਸਾਨ ਜ਼ਿਆਦਾ ਹੁੰਦਾ ਹੈ । ਇਸ ਲਈ ਬੂਟਿਆਂ ਨੂੰ ਘੱਟ ਤੋਂ ਘੱਟ ਉਨ੍ਹਾਂ ਦੇ ਹੇਠਲੇ ਹਿੱਸੇ ਦੀ ਪੱਕ ਚੁੱਕੀਆਂ ਪੱਤੀਆਂ ਨੂੰ ਇਨ੍ਹੀਂ ਦਿਨੀਂ ਕੱਢ ਦੇਣਾ ਚਾਹੀਦਾ ਹੈ ਅਤੇ ਬੂਟਿਆਂ ਦੀ ਕਟਾਈ ਵੀ ਕਰਦੇ ਰਹੋਗੇ ਤਾਂ ਉਹ ਚੰਗੀ ਤਰ੍ਹਾਂ ਵਿਕਸਤ ਹੋਣਗੇ । ਕੁਲ ਮਿਲਾ ਕੇ ਦੇਖੀਏ ਤਾਂ ਮੌਨਸੂਨ ਦੇ ਮੌਸਮ ਵਿਚ ਬਾਕੀ ਕਿਸੇ ਵੀ ਮੌਸਮ ਨਾਲੋਂ ਕਿਸੇ ਜ਼ਿਆਦਾ ਬੂਟਿਆਂ ਦੀ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ ।

ਅਨੂ ਆਰ.

ਮਾਨਸੂਨ ਦੀ ਤਬਾਹੀ : ਹਰ ਸਾਲ ਉਹੀ ਕਹਾਣੀ

ਹਰ ਸਾਲ ਕਹਾਣੀ ਉਹੀ ਹੁੰਦੀ ਹੈ। ਮਾਨਸੂਨ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਦਸਤਕ ਦਿੰਦੀ ਹੈ ਅਤੇ ਭਾਰਤ ਮੁੜ ਉਸਦੇ ਸਾਹਮਣੇ ਗੋਡੇ ਟੇਕ ਦਿੰਦਾ ਹੈ। ਸੜਕਾਂ ਨਦੀਆਂ ਵਿੱਚ ਬਦਲ ਜਾਂਦੀਆਂ ਹਨ, ਖੱਡੇ ਖਾਈਆਂ ਦਾ ਰੂਪ ਲੈ ਲੈਂਦੇ ਹਨ, ਅੰਡਰਪਾਸ ਤਲਾਬਾਂ ਵਿੱਚ ਤਬਦੀਲ ਹੋ ਜਾਂਦੇ ਹਨ, ਜਾਮ ਨਾਲੀਆਂ ਭਰਨ ਲੱਗਦੀਆਂ ਹਨ, ਬਦਬੂਦਾਰ ਸੀਵਰ ਦਾ ਪਾਣੀ ਘਰਾਂ ਵਿੱਚ ਵੜ ਜਾਂਦਾ ਹੈ, ਲੋਕ ਖੁੱਲ੍ਹੇ ਮੈਨਹੋਲ ਵਿੱਚ ਸਮਾ ਜਾਂਦੇ ਹਨ, ਹਵਾਈ ਅੱਡੇ ਅਤੇ ਰੇਲਵੇ ਸਟੇਸ਼ਨ ਲੜਖੜਾਉਣ ਲੱਗਦੇ ਹਨ, ਪੁਲ ਢਹਿ ਜਾਂਦੇ ਹਨ, ਢਿੱਗਾਂ ਪਿੰਡਾਂ ਨੂੰ ਨਿਗਲ ਜਾਂਦੀਆਂ ਹਨ ਅਤੇ ਸਾਡੀ ਕਥਿਤ 'ਵਿਸ਼ਵ-ਪੱਧਰੀ' ਸਮਾਰਟ ਸਿਟੀ ਪ੍ਰਸ਼ਾਸਨਿਕ ਲਕਵੇ ਦੀ ਤੈਰਦੀ ਹੋਈ ਨੁਮਾਇਸ਼ ਬਣ ਜਾਂਦੀ ਹੈ। ਵਿਕਾਸ ਦਾ ਮੁਖੌਟਾ ਉਤਰ ਜਾਂਦਾ ਹੈ। ਇਹ ਅਸਫ਼ਲਤਾ ਦਾ ਸਾਲਾਨਾ ਅਨੁਸ਼ਠਾਨ ਹੈ।

ਅਫ਼ਸੋਸ, ਜਦੋਂ ਆਮ ਲੋਕ ਬਾਰਿਸ਼ ਤੋਂ ਪੈਦਾ ਹੋਈ ਆਫ਼ਤ ਨਾਲ ਜੂਝ ਰਹੇ ਹੁੰਦੇ ਹਨ, ਉਦੋਂ ਸਾਡੇ ਨੇਤਾ ਆਪਣੀ ਰਵਾਇਤੀ ਰਾਜਨੀਤਿਕ ਰਸਮ ਅਦਾਇਗੀ ਵਿੱਚ ਰੁੱਝੇ ਦਿਖਾਈ ਦਿੰਦੇ ਹਨ। ਉਹ ਮੌਤਾਂ 'ਤੇ ਸੋਗ ਪ੍ਰਗਟਾਉਂਦੇ ਹਨ, ਸੰਵੇਦਨਾਵਾਂ ਵਿਅਕਤ ਕਰਦੇ ਹਨ ਅਤੇ ਸਹਾਇਤਾ ਦਾ ਭਰੋਸਾ ਦਿਵਾਉਂਦੇ ਹਨ। ਦੂਜੇ ਪਾਸੇ, ਨੌਕਰਸ਼ਾਹੀ ਏ. ਸੀ. ਕਮਰਿਆਂ ਵਿੱਚ ਰਸਮੀ ਬੈਠਕਾਂ ਅਤੇ ਭੋਜਨ ਦੌਰਾਨ ਆਫ਼ਤ ਦੇ ਕਾਰਨਾਂ ਅਤੇ ਉਸ ਦੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਦੀ ਹੈ। ਉਨ੍ਹਾਂ ਦੇ ਸੁਭਾਅ ਅਤੇ ਹੱਲ ਵੀ ਭਰੇ ਹੋਏ ਨਾਲਿਆਂ ਵਾਂਗ ਵਹਿ ਜਾਂਦੇ ਹਨ। ਸਾਰੇ ਇਹ ਮੰਨ ਕੇ ਸੰਤੁਸ਼ਟ ਹੋ ਜਾਂਦੇ ਹਨ ਕਿ ਉਨ੍ਹਾਂ ਨੇ ਆਪਣਾ ਫ਼ਰਜ਼ ਨਿਭਾਅ ਦਿੱਤਾ। ਫਿਰ ਉਹੀ ਘਿਸਿਆ-ਪਿਟਿਆ ਵਾਕ ਦੁਹਰਾਇਆ ਜਾਂਦਾ ਹੈ- 'ਇਸ ਤੋਂ ਸਬਕ ਲਿਆ ਜਾਵੇਗਾ।' ਅਸਲ ਵਿੱਚ ਇਹ ਨੌਕਰਸ਼ਾਹੀ ਦੀ ਅਸਫ਼ਲਤਾ ਦਾ ਅਧਿਕਾਰਤ ਗਾਨ ਬਣ ਚੁੱਕਾ ਹੈ।

ਸਵਾਲ ਇਹ ਹੈ ਕਿ ਕੀ ਅਸਲ ਵਿੱਚ ਕਿਸੇ ਨੂੰ ਇਸਦੀ ਚਿੰਤਾ ਹੈ? ਮਾਨਸੂਨ ਹਰ ਸਾਲ ਤਬਾਹ ਸ਼ਹਿਰਾਂ ਅਤੇ ਬਰਬਾਦ ਬੁਨਿਆਦੀ ਢਾਂਚੇ ਦੀ ਯਾਦ ਛੱਡ ਜਾਂਦਾ ਹੈ ਪਰ ਕੋਈ ਜਵਾਬਦੇਹ ਨਹੀਂ ਠਹਿਰਾਇਆ ਜਾਂਦਾ। ਆਖਿਰ ਸਰਕਾਰ ਉਦੋਂ ਹੀ ਕਿਉਂ ਜਾਗਦੀ ਹੈ, ਜਦੋਂ ਲੱਖਾਂ ਲੋਕ ਬੇਘਰ ਹੋ ਜਾਂਦੇ ਹਨ ਅਤੇ ਕਰੋੜਾਂ ਰੁਪਏ ਦੀ ਜਾਇਦਾਦ ਨਸ਼ਟ ਹੋ ਜਾਂਦੀ ਹੈ? ਤ੍ਰਾਸਦੀ ਇਹ ਵੀ ਹੈ ਰਾਜਨੀਤਿਕ ਲੀਡਰਸ਼ਿਪ ਹੁਣ ਵੀ ਇਹ ਮੰਨਦੀ ਹੈ ਕਿ ਸਿਰਫ਼ ਧਨ ਰਾਸ਼ੀ ਮਨਜ਼ੂਰ ਕਰ ਦੇਣ ਨਾਲ ਸਮੱਸਿਆ ਦਾ ਹੱਲ ਹੋ ਜਾਵੇਗਾ, ਜਦਕਿ ਨਾ ਤਾਂ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ ਅਤੇ ਨਾ ਹੀ ਰਾਜ ਆਫ਼ਤ ਪ੍ਰਬੰਧਨ ਬੋਰਡ ਆਪਣੀਆਂ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰ ਪਾਉਂਦੇ ਹਨ। ਮਾਹਿਰਾਂ ਦੀ ਸਲਾਹ ਦੀ ਅਣਦੇਖੀ ਹੁੰਦੀ ਹੈ ਅਤੇ ਫਿਰ ਦੋਸ਼ ਪਿਛਲੀਆਂ ਸਰਕਾਰਾਂ 'ਤੇ ਮੜ੍ਹ ਦਿੱਤਾ ਜਾਂਦਾ ਹੈ।

ਇਸਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਆਮ ਆਦਮੀ ਮਹਿਜ਼ ਅੰਕੜਿਆਂ ਵਿੱਚ ਬਦਲ ਕੇ ਰਹਿ ਗਿਆ ਹੈ, ਜਿਨ੍ਹਾਂ ਦੀ ਰਾਜਨੀਤਿਕ ਸਹੂਲਤ ਅਨੁਸਾਰ ਵਰਤੋਂ ਕੀਤੀ ਜਾਂਦੀ ਹੈ। ਇਹ ਸੰਵੇਦਨਹੀਣ ਰਾਜਨੀਤੀ ਅਤੇ ਗੈਰ-ਸਰਗਰਮ ਪ੍ਰਸ਼ਾਸਨ ਦਾ ਜਿਉਂਦਾ-ਜਾਗਦਾ ਸਬੂਤ ਹੈ। ਹਰ ਕੰਮ 'ਕੰਮ-ਚਲਾਊ' ਤਰੀਕੇ ਨਾਲ ਹੁੰਦਾ ਹੈ। ਸਾਰੇ ਸਰਕਾਰ ਨੂੰ ਕੋਸਦੇ ਹਨ ਪਰ ਇਹ ਭੁੱਲ ਜਾਂਦੇ ਹਨ ਕਿ ਬਾਰਿਸ਼ ਸ਼ਾਸਨ-ਪ੍ਰਸ਼ਾਸਨ ਦੀ ਸਭ ਤੋਂ ਕਠੋਰ ਅਤੇ ਨਿਰਪੱਖ ਪ੍ਰੀਖਿਆ ਲੈਣ ਵਾਲੀ ਕੁਦਰਤ ਦੀ ਸ਼ਕਤੀ ਹੈ। ਸਥਿਤੀ ਹੋਰ ਵੀ ਚਿੰਤਾਜਨਕ ਇਸ ਲਈ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੀ ਉਦਾਸੀਨਤਾ ਵਾਤਾਵਰਣ ਪੱਖੋਂ ਸੰਵੇਦਨਸ਼ੀਲ ਖੇਤਰਾਂ ਤੱਕ ਨੂੰ ਨਹੀਂ ਬਖ਼ਸ਼ ਰਹੀ। ਲਾਲਚ ਵਿੱਚ ਅੰਨ੍ਹੇਵਾਹ ਨਿਰਮਾਣ ਕਾਰਜ ਕੀਤੇ ਜਾ ਰਹੇ ਹਨ, ਜਿਸ ਨਾਲ ਇਹ ਖੇਤਰ ਜਲਵਾਯੂ ਪਰਿਵਰਤਨ ਪ੍ਰਤੀ ਹੋਰ ਵੱਧ ਸੰਵੇਦਨਸ਼ੀਲ ਬਣਦੇ ਜਾ ਰਹੇ ਹਨ। ਸਾਲ 2022 ਵਿੱਚ ਉੱਤਰਾਖੰਡ ਦੇ ਜੋਸ਼ੀਮੱਠ ਵਿੱਚ ਆਈਆਂ ਤਰੇੜਾਂ ਅਤੇ ਬੈਂਗਲੁਰੂ ਦੀਆਂ ਵੱਕਰੀ ਆਈ. ਟੀ. ਪਾਰਕਾਂ ਵਿੱਚ ਆਇਆ ਹੜ੍ਹ ਵੀ ਸਾਨੂੰ ਕੋਈ ਸਬਕ ਨਹੀਂ ਸਿਖਾ ਸਕਿਆ।

ਪੂਨਮ ਆਈ. ਕੌਸ਼ਿਸ਼

ਬਿਨਾਂ ਸ਼ੱਕ, ਭਾਰਤ ਦੀ ਸਮੱਸਿਆ ਮਾਨਸੂਨ ਨਹੀਂ, ਸਗੋਂ ਸੁਸ਼ਾਸਨ ਦੀ ਘਾਟ ਹੈ। ਹਰ ਸਾਲ ਬਾਰਿਸ਼ ਤੋਂ ਪਹਿਲਾਂ ਨਗਰ ਨਿਗਮ ਵੱਡੇ-ਵੱਡੇ ਦਾਅਵੇ ਕਰਦੇ ਹਨ ਕਿ ਮਾਨਸੂਨ ਨਾਲ ਨਜਿੱਠਣ ਦੀ ਪੂਰੀ ਤਿਆਰੀ ਕਰ ਲਈ ਹੈ ਪਰ ਜਿਵੇਂ ਹੀ ਬਾਰਿਸ਼ ਸ਼ੁਰੂ ਹੁੰਦੀ ਹੈ, ਉਹੀ ਸਥਾਨ ਸਭ ਤੋਂ ਪਹਿਲਾਂ ਜਲਥਲ ਹੋ ਜਾਂਦੇ ਹਨ। ਅਜਿਹਾ ਲੱਗਦਾ ਹੈ ਮੰਨੋ ਸਿਰਫ਼ ਬਾਰਿਸ਼ ਹੀ ਇਨ੍ਹਾਂ ਤਿਆਰੀਆਂ ਤੋਂ ਅਣਜਾਣ ਹੋਵੇ। ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਅਸੀਂ ਅਸਫ਼ਲਤਾ ਨੂੰ ਆਮ ਮੰਨ ਲਿਆ ਹੈ। ਜਲਮਗਨ ਸੜਕਾਂ ਹੁਣ ਮੌਸਮੀ ਅਸੁਵਿਧਾ ਮਾਤਰ ਸਮਝੀਆਂ ਜਾਂਦੀਆਂ ਹਨ। ਪੁਲਾਂ ਦਾ ਢਹਿਣਾ ਵੀ ਲੋਕਾਂ ਨੂੰ ਹੈਰਾਨ ਨਹੀਂ ਕਰਦਾ। ਜਿਸ ਜਲਥਲ ਨਾਲ ਕਈ ਦੇਸ਼ਾਂ ਵਿੱਚ ਸਿਆਸੀ ਸੰਕਟ ਖੜ੍ਹਾ ਹੋ ਸਕਦਾ ਹੈ, ਉਸ ਨੂੰ ਭਾਰਤ ਵਿੱਚ ਰੱਬ ਦੀ ਰਜ਼ਾ ਮੰਨ ਕੇ ਸਵੀਕਾਰ ਕਰ ਲਿਆ ਜਾਂਦਾ ਹੈ। ਬਾਰਿਸ਼ ਖ਼ਤਮ ਹੁੰਦਿਆਂ ਹੀ ਸੁਧਾਰ ਦੀ ਚਰਚਾ ਵੀ ਠੰਢੀ ਪੈ ਜਾਂਦੀ ਹੈ ਅਤੇ ਅਗਲੇ ਮਾਨਸੂਨ ਤੱਕ ਸਿਰਫ਼ ਨੁਕਸਾਨ ਦਾ ਦਾਇਰਾ ਵਧ ਜਾਂਦਾ ਹੈ।

ਭਾਰਤ ਦੇ ਮਾਨਸੂਨ ਸੰਕਟ ਦੀ ਸਭ ਤੋਂ ਗੰਭੀਰ ਸਮੱਸਿਆ ਜਵਾਬਦੇਹੀ ਦੀ ਘਾਟ ਹੈ। ਵਾਰ-ਵਾਰ ਬੁਨਿਆਦੀ ਢਾਂਚਾ ਅਸਫ਼ਲ ਹੁੰਦਾ ਹੈ ਪਰ ਸ਼ਾਇਦ ਹੀ ਕਦੇ ਕਿਸੇ 'ਤੇ ਠੋਸ ਕਾਰਵਾਈ ਹੁੰਦੀ ਹੈ। ਜਾਂਚ ਕਮੇਟੀਆਂ ਗਠਿਤ ਹੁੰਦੀਆਂ ਹਨ, ਰਿਪੋਰਟਾਂ ਤਿਆਰ ਹੁੰਦੀਆਂ ਹਨ ਅਤੇ ਨਵੇਂ ਵਾਅਦੇ ਕੀਤੇ ਜਾਂਦੇ ਹਨ, ਪਰ ਵਿਵਸਥਾ ਵਿੱਚ ਸੁਧਾਰ ਨਹੀਂ ਆਉਂਦਾ। ਆਫ਼ਤ ਆਉਣ ਤੋਂ ਬਾਅਦ ਰਾਹਤ ਅਤੇ ਬਚਾਅ 'ਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ, ਜਦਕਿ ਆਫ਼ਤ ਆਉਣ ਤੋਂ ਪਹਿਲਾਂ ਰੋਕਥਾਮ 'ਤੇ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ।

ਸੰਖੇਪ ਵਿੱਚ ਕਹੀਏ ਤਾਂ ਮਾਨਸੂਨ ਨਾ ਮਿੱਤਰ ਹੈ, ਨਾ ਦੁਸ਼ਮਣ। ਇਹ ਇਕ ਕੁਦਰਤੀ ਪ੍ਰਕਿਰਿਆ ਹੈ, ਜਿਸਨੇ ਹਜ਼ਾਰਾਂ ਸਾਲਾਂ ਤੋਂ ਭਾਰਤ ਦਾ ਜੀਵਨ ਪੋਸ਼ਿਤ ਕੀਤਾ ਹੈ। ਅਸਲੀ ਦੁਸ਼ਮਣ ਹੈ ਲਾਪਰਵਾਹੀ, ਅਵਿਵਸਥਿਤ ਯੋਜਨਾ, ਕਮਜ਼ੋਰ ਸ਼ਹਿਰੀ ਪ੍ਰਬੰਧਨ, ਅਣਡਿੱਠ ਕੀਤੀ ਮੁੱਢਲਾ ਢਾਂਚਾ ਅਤੇ ਨਿਯਮਾਂ ਦੀ ਪਾਲਣਾ ਵਿੱਚ ਢਿੱਲ। ਇਸ ਦੇ ਨਾਲ ਇਹ ਸੁਵਿਧਾਜਨਕ ਵਿਸ਼ਵਾਸ ਵੀ ਜੁੜਿਆ ਹੈ ਕਿ ਜਨਤਾ ਦੀ ਯਾਦਦਾਸ਼ਤ ਹੜ੍ਹ ਦੇ ਪਾਣੀ ਨਾਲੋਂ ਵੀ ਤੇਜ਼ੀ ਨਾਲ ਸੁੱਕ ਜਾਵੇਗੀ।

ਮਾਨਸੂਨ ਵਰਦਾਨ ਬਣੇਗਾ ਜਾਂ ਸ਼ਰਾਪ, ਇਹ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਰਾਜਨੀਤਿਕ ਲੀਡਰਸ਼ਿਪ ਥੋੜ੍ਹੇ ਸਮੇਂ ਦੇ ਸਿਆਸੀ ਲਾਭ ਦੀ ਬਜਾਏ ਲੰਬੇ ਸਮੇਂ ਦੀ ਆਫ਼ਤ-ਰੋਕੂ ਸਮਰੱਥਾ ਨੂੰ ਪਹਿਲ ਦਿੰਦੀ ਹੈ ਜਾਂ ਨਹੀਂ। ਜਦੋਂ ਤੱਕ ਭਾਰਤ ਤਤਕਾਲੀ ਰਾਜਨੀਤਿਕ ਦਿਖਾਵੇ ਦੀ ਜਗ੍ਹਾ ਲੰਬੇ ਸਮੇਂ ਦੀ ਤਿਆਰੀ, ਆਤਮ-ਸੰਤੁਸ਼ਟੀ ਦੀ ਜਗ੍ਹਾ ਕੁਸ਼ਲਤਾ ਅਤੇ ਬਹਾਨਿਆਂ ਦੀ ਜਗ੍ਹਾ ਜਵਾਬਦੇਹੀ ਨੂੰ ਨਹੀਂ ਅਪਣਾਏਗਾ, ਉਦੋਂ ਤੱਕ ਬਾਰਿਸ਼ ਦੀਆਂ ਪਹਿਲੀਆਂ ਬੂੰਦਾਂ ਸਿਰਫ਼ ਸੜਕਾਂ ਹੀ ਨਹੀਂ ਵਹਾਉਣਗੀਆਂ, ਸਗੋਂ ਇਹ ਭਰਮ ਵੀ ਧੋ ਦੇਣਗੀਆਂ ਕਿ ਭਾਰਤ ਦਾ ਬੁਨਿਆਦੀ ਢਾਂਚਾ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਹੈ।

ਦੇਸ਼ ਕੋਲ ਇੰਜੀਨੀਅਰਿੰਗ ਹੁਨਰ, ਵਿੱਤੀ ਸਰੋਤ ਅਤੇ ਤਕਨੀਕੀ ਕੁਸ਼ਲਤਾ ਵੀ ਉਪਲਬਧ ਹੈ, ਜਿਸ ਨਾਲ ਉਹ ਮਾਨਸੂਨ ਦਾ ਕਿਤੇ ਬਿਹਤਰ ਪ੍ਰਬੰਧਨ ਕਰ ਸਕਦਾ ਹੈ। ਕਮੀ ਸਿਰਫ਼ ਇਕ ਚੀਜ਼ ਦੀ ਹੈ- ਦ੍ਰਿੜ੍ਹ ਅਤੇ ਨਿਰੰਤਰ ਰਾਜਨੀਤਿਕ ਇੱਛਾ-ਸ਼ਕਤੀ ਦੀ। ਲੋੜ ਇਸ ਗੱਲ ਦੀ ਹੈ ਕਿ ਪੂਰਾ ਸਾਲ ਸ਼ਹਿਰੀ ਨਿਯੋਜਨ, ਭਵਨ ਨਿਰਮਾਣ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ, ਜਨਤਕ ਢਾਂਚੇ ਦੇ ਨਿਯਮਿਤ ਰੱਖ-ਰਖਾਅ ਅਤੇ ਵੱਖ-ਵੱਖ ਏਜੰਸੀਆਂ ਦੇ ਵਿਚਾਲੇ ਪ੍ਰਭਾਵਸ਼ਾਲੀ ਤਾਲਮੇਲ ਨੂੰ ਪਹਿਲ ਦਿੱਤੀ ਜਾਵੇ, ਨਾ ਕਿ ਸਿਰਫ਼ ਮਾਨਸੂਨ ਆਉਣ ਤੋਂ ਕੁਝ ਹਫ਼ਤੇ ਪਹਿਲਾਂ ਰਸਮੀ ਤਿਆਰੀਆਂ ਦਾ ਪ੍ਰਦਰਸ਼ਨ ਕੀਤਾ ਜਾਵੇ।

ਭਾਰਤ ਜੇਕਰ ਵਿਸ਼ਵ-ਪੱਧਰੀ, ਰਾਜਮਾਰਗ, ਹਵਾਈ ਅੱਡੇ ਅਤੇ ਡਿਜੀਟਲ ਢਾਂਚਾ ਵਿਕਸਿਤ ਕਰ ਸਕਦਾ ਹੈ, ਤਾਂ ਉਹ ਜਲਵਾਯੂ-ਅਨੁਕੂਲ ਸ਼ਹਿਰ, ਆਧੁਨਿਕ ਜਲ ਨਿਕਾਸੀ ਪ੍ਰਣਾਲੀ, ਪੁਨਰਜੀਵਿਤ ਜਲਗਾਹਾਂ, ਸਖ਼ਤ ਭਵਨ ਮਿਆਰ ਅਤੇ ਵਿਗਿਆਨਕ ਸ਼ਹਿਰੀ ਨਿਯੋਜਨ ਵੀ ਵਿਕਸਿਤ ਕਰ ਸਕਦਾ ਹੈ। ਇਸ ਦੇ ਲਈ ਸਿਰਫ਼ ਸਿਆਸੀ ਸੰਕਲਪ ਦੀ ਲੋੜ ਹੈ।

ਹੁਣ ਸਮਾਂ ਆ ਗਿਆ ਹੈ ਕਿ ਭਾਰਤ ਆਫ਼ਤ ਤੋਂ ਬਾਅਦ ਭਾਰਤ ਪਹੁੰਚਾਉਣ ਤੋਂ ਅੱਗੇ ਵੱਧ ਕੇ ਆਫ਼ਤ ਦੀ ਰੋਕਥਾਮ ਦੀ ਨੀਤੀ ਅਪਣਾਏ। ਸਮੇਂ ਦੀ ਕੰਧ 'ਤੇ ਸਾਫ਼ ਲਿਖਿਆ ਦਿਖਾਈ ਦੇ ਰਿਹਾ ਹੈ ਕਿ ਕਿਸੇ ਰਾਸ਼ਟਰ ਦੀ ਤਰੱਕੀ ਇਸ ਗੱਲ ਤੋਂ ਨਹੀਂ ਮਾਪੀ ਜਾਂਦੀ ਕਿ ਉਹ ਅਨੁਮਾਨਿਤ ਆਫ਼ਤਾਂ ਤੋਂ ਬਾਅਦ ਕਿੰਨੀ ਤੇਜ਼ੀ ਨਾਲ ਪ੍ਰਤੀਕਿਰਿਆ ਦਿੰਦਾ ਹੈ, ਸਗੋਂ ਇਸ ਗੱਲ ਤੋਂ ਕਿ ਉਹ ਉਨ੍ਹਾਂ ਨੂੰ ਪਹਿਲਾਂ ਹੀ ਰੋਕ ਪਾਉਣ ਵਿੱਚ ਕਿੰਨਾ ਸਮਰੱਥ ਹੈ।

ਝੋਨੇ ਦੀ ਮਸ਼ੀਨੀ ਲੁਆਈ ਕਰਨ ਵਾਲਾ ਅਗਾਂਹਵਧੂ ਕਿਸਾਨ : ਸੰਦੀਪ ਸਿੰਘ

ਖੇਤਾਂ ਨੂੰ ਕੱਦੂ ਕਰਨ ਤੋਂ ਬਾਅਦ ਝੋਨੇ ਦੀ ਪਨੀਰੀ ਨੂੰ ਹੱਥ ਨਾਲ ਲਾ ਕੇ ਜ਼ਿਆਦਾਤਰ ਕਿਸਾਨਾਂ ਵੱਲੋਂ ਝੋਨੇ ਦੀ ਕਾਸ਼ਤ ਕੀਤੀ ਜਾਂਦੀ ਹੈ ਅਤੇ ਇਸ ਵਿਧੀ ਨਾਲ ਝੋਨੇ ਦੀ ਲੁਆਈ ਦੌਰਾਨ ਲੇਬਰ ਦੀ ਬਹੁਤ ਜ਼ਿਆਦਾ ਵਰਤੋਂ ਹੁੰਦੀ ਹੈ। ਕਈ ਵਾਰ ਸਮੇਂ ਸਿਰ ਲੇਬਰ ਨਾ ਮਿਲਣ ਕਰਕੇ ਝੋਨੇ ਦੀ ਲੁਆਈ ਲੇਟ ਹੋ ਜਾਂਦੀ ਹੈ ਤੇ ਲੇਬਰ ਵੀ ਮਨਚਾਹੇ ਪੈਸੇ ਲੈਂਦੀ ਹੈ, ਜਿਸ ਨਾਲ ਝੋਨੇ ਦੀ ਲੁਆਈ ਦੀ ਲਾਗਤ ਵਿੱਚ ਵਾਧਾ ਹੁੰਦਾ ਹੈ। ਇਨ੍ਹਾਂ ਕਾਰਨਾਂ ਕਰਕੇ ਕਿਸਾਨਾਂ ਦਾ ਰੁਝਾਨ ਝੋਨੇ ਦੀ ਮਸ਼ੀਨੀ ਲੁਆਈ ਵੱਲ ਵਧਿਆ ਹੈ, ਜਿਸ ਨਾਲ ਲੇਬਰ ਦੀ ਬੱਚਤ ਅਤੇ ਝੋਨੇ ਦੀ ਲੁਆਈ ਸਮੇਂ ਸਿਰ ਹੁੰਦੀ ਹੈ।

ਸ. ਸੰਦੀਪ ਸਿੰਘ, ਸਪੁੱਤਰ ਸ. ਸੁਖਦੇਵ ਸਿੰਘ, ਪਿੰਡ ਚੱਕ ਮੱਲਾਂ, ਬਲਾਕ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਦਾ ਇੱਕ ਅਗਾਂਹਵਧੂ ਕਿਸਾਨ ਹੈ, ਜੋ ਕਿ 52 ਏਕੜ ਰਕਬੇ ਤੇ ਖੇਤੀਬਾੜੀ ਕਰਦਾ ਹੈ ਅਤੇ 33 ਏਕੜ ਰਕਬੇ ਤੇ ਝੋਨੇ ਦੀ ਸਫ਼ਲ ਕਾਸ਼ਤ ਕਰਦਾ ਹੈ। ਸਾਲ 2020 ਦੌਰਾਨ ਕਰੋਨਾ ਮਹਾਂਮਾਰੀ ਦੌਰਾਨ ਝੋਨੇ ਦੀ ਲੁਆਈ ਲਈ ਲੇਬਰ ਦੀ ਸਮੱਸਿਆ ਆਈ, ਜਿਸ ਕਰਕੇ ਸੰਦੀਪ ਸਿੰਘ ਨੇ ਝੋਨੇ ਦੀ ਲੁਆਈ ਦੇ ਮਸ਼ੀਨੀਕਰਣ ਬਾਬਤ ਸੋਚਿਆ ਅਤੇ ਝੋਨੇ ਦੀ ਮਸ਼ੀਨੀ ਲੁਆਈ ਵਾਲੀ ਪਿੱਛੇ ਤੁਰਨ ਵਾਲੀ ਮਸ਼ੀਨ ਦੀ ਖਰੀਦ ਕੀਤੀ। ਝੋਨੇ ਦੀ ਮਸ਼ੀਨੀ ਲੁਆਈ ਦੀ ਤਕਨੀਕੀ ਜਾਣਕਾਰੀ ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਦੇ ਮਾਹਿਰਾਂ ਤੋਂ ਪ੍ਰਾਪਤ ਕੀਤੀ। ਮਾਹਿਰ, ਇਸ ਕਿਸਾਨ ਦੁਆਰਾ ਝੋਨੇ ਦੇ ਮਸ਼ੀਨੀ ਲੁਆਈ ਵਾਲੇ ਖੇਤਾਂ ਦਾ ਲਗਾਤਾਰ ਮੁਆਇਨਾ ਵੀ ਕਰਦੇ ਰਹੇ। ਸਾਥੀ ਕਿਸਾਨ ਇਸ ਮਸ਼ੀਨ ਦੀ ਕਾਰਜਕੁਸ਼ਲਤਾ ਤੋਂ ਸੰਤੁਸ਼ਟ ਸਨ। ਇਸ ਤਕਨੀਕ ਦੀ ਸਫ਼ਲਤਾ ਨੂੰ ਦੇਖਦੇ ਹੋਏ, ਇਸ ਕਿਸਾਨ ਨੇ ਸਾਲ 2022 ਦੌਰਾਨ ਝੋਨੇ ਦੀ ਮਸ਼ੀਨੀ ਲੁਆਈ ਦੇ ਪਸਾਰ ਲਈ ਚਾਰ ਪਹੀਆ ਸਵੈ ਚਲਿਤ ਝੋਨਾ ਲਾਉਣ ਵਾਲੀ ਮਸ਼ੀਨ ਦੀ ਖਰੀਦ ਕੀਤੀ ਕਿਉਂਕਿ ਚਾਰ ਪਹੀਆ ਸਵੈ ਚਲਿਤ ਝੋਨਾ ਲਾਉਣ ਵਾਲੀ ਮਸ਼ੀਨ ਦੀ ਸਮਰੱਥਾ ਲੱਗਭੱਗ 8-10 ਏਕੜ ਪ੍ਰਤੀ ਦਿਨ ਦੀ ਹੈ ਅਤੇ ਪਿੱਛੇ ਤੁਰਨ ਵਾਲੀ ਝੋਨਾ ਲਾਉਣ ਵਾਲੀ ਮਸ਼ੀਨ ਦੀ ਸਮਰੱਥਾ 2-3 ਏਕੜ ਪ੍ਰਤੀ ਦਿਨ ਦੀ ਹੈ। ਸਾਉਣੀ 2025 ਦੌਰਾਨ, ਸ. ਸੰਦੀਪ ਸਿੰਘ ਨੇ ਕਿਸਾਨਾਂ ਦੇ ਖੇਤਾਂ ਵਿੱਚ ਝੋਨੇ ਦੀ ਮਸ਼ੀਨੀ ਲੁਆਈ 330 ਏਕੜ ਰਕਬੇ ਤੇ 6000/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਕੀਤੀ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਵੀ ਸ. ਸੰਦੀਪ ਸਿੰਘ ਨੂੰ ਕਿਸਾਨ ਮੇਲੇ, ਮਾਰਚ 2026 ਦੌਰਾਨ ਖੇਤੀਬਾੜੀ ਵਿੱਚ ਉੱਨਤ ਮਸ਼ੀਨੀਕਰਨ ਅਪਨਾਉਣ ਵਾਲੇ ਸਵੈ-ਕਾਸ਼ਤਕਾਰ ਲਈ ਸੀ. ਆਰ. ਪੰਪਸ ਐਵਾਰਡ ਨਾਲ ਨਿਵਾਜਿਆ ਗਿਆ।

ਅਜੈਬ ਸਿੰਘ ਅਤੇ ਮਨਿੰਦਰ ਸਿੰਘ ਬੌਂਸ,
ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ
ਮੋਬਾਇਲ : 94647-64320

ਝੋਨੇ ਦੀ ਮਸ਼ੀਨੀ ਲੁਆਈ ਬਾਬਤ ਕਿਸਾਨ ਦੇ ਨਿੱਜੀ ਤਜ਼ਰਬੇ

- ★ ਝੋਨੇ ਦੀ ਮਸ਼ੀਨੀ ਲੁਆਈ ਦੀ ਕਾਰਜਕੁਸ਼ਲਤਾ ਝੋਨੇ ਦੀ ਮੈਟ ਟਾਇਪ ਪਨੀਰੀ ਤੇ ਬਹੁਤ ਨਿਰਭਰ ਕਰਦੀ ਹੈ।
- ★ ਝੋਨੇ ਦੀ ਮਸ਼ੀਨੀ ਲੁਆਈ ਨਾਲ ਲੇਬਰ ਦੀ ਬੱਚਤ ਹੁੰਦੀ ਹੈ ਅਤੇ ਝੋਨੇ ਦੀ ਲੁਆਈ ਵੀ ਸਮੇਂ ਸਿਰ ਸੰਭਵ ਹੈ।
- ★ ਝੋਨੇ ਦੀ ਮਸ਼ੀਨੀ ਲੁਆਈ ਨਾਲ ਝੋਨੇ ਦੇ ਬੂਟਿਆਂ ਦੀ ਗਿਣਤੀ ਪ੍ਰਤੀ ਵਰਗ ਮੀਟਰ ਵਿੱਚ ਆਮ ਝੋਨੇ ਦੀ ਰਵਾਇਤੀ ਢੰਗ ਨਾਲੋਂ ਲੁਆਏ ਝੋਨੇ ਨਾਲੋਂ ਵੱਧ ਹੁੰਦੀ ਹੈ।
- ★ ਮਸ਼ੀਨੀ ਲੁਆਈ ਨਾਲ ਝੋਨੇ ਦਾ ਝਾੜ ਰਵਾਇਤੀ ਤਰੀਕੇ ਨਾਲੋਂ ਜ਼ਿਆਦਾ ਪ੍ਰਾਪਤ ਹੁੰਦਾ ਹੈ।
- ★ ਝੋਨੇ ਦੀ ਮਸ਼ੀਨੀ ਲੁਆਈ ਨਾਲ ਝੋਨੇ ਦੇ ਬੂਟੇ ਕਤਾਰਾਂ ਵਿੱਚ ਲੱਗਦੇ ਹਨ, ਜਿਸ ਨਾਲ ਖਾਦ ਤੇ ਸਪਰੇਅ ਕਰਨਾ ਸੌਖਾ ਹੁੰਦਾ ਹੈ।

ਮੱਛੀ ਪਾਲਨ ਵਿੱਚ ਗੋਬਿੰਦ ਸਾਗਰ ਜਲਾਸੇ ਦੀ ਭੂਮਿਕਾ

ਸੁਪ੍ਰੀਤ ਕੌਰ, ਪੀਐਚ. ਡੀ. (Fisheries Resource Management)

ਗੋਬਿੰਦ ਸਾਗਰ ਜਲਾਸਾ ਭਾਰਤ ਦੇ ਸਭ ਤੋਂ ਵੱਡੇ ਮਨੁੱਖ-ਨਿਰਮਿਤ ਮਿੱਠੇ ਪਾਣੀ ਦੇ ਜਲਾਸਿਆਂ ਵਿੱਚੋਂ ਇੱਕ ਹੈ। ਇਸ ਦਾ ਨਿਰਮਾਣ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜ਼ਿਲ੍ਹੇ ਵਿੱਚ ਸਤਲੁਜ ਦਰਿਆ ਉੱਤੇ ਭਾਖੜਾ ਬੰਧ ਦੇ ਨਿਰਮਾਣ ਤੋਂ ਬਾਅਦ ਹੋਇਆ। ਦਸਵੇਂ ਸਿੱਖ ਗੁਰੂ, ਸ੍ਰੀ ਗੋਬਿੰਦ ਸਿੰਘ ਜੀ ਦੇ ਸਨਮਾਨ ਵਿੱਚ ਇਸ ਜਲਾਸੇ ਦਾ ਨਾਮ ਗੋਬਿੰਦ ਸਾਗਰ ਰੱਖਿਆ ਗਿਆ। ਇਹ ਜਲਾਸਾ ਲਗਭਗ 90 ਕਿਲੋਮੀਟਰ ਤੱਕ ਫੈਲਿਆ ਹੋਇਆ ਹੈ ਅਤੇ ਇਸ ਦਾ ਜਲ-ਫੈਲਾਅ ਰੁੱਤਾਂ ਅਨੁਸਾਰ ਪਾਣੀ ਦੇ ਪੱਧਰ ਵਿੱਚ ਹੋਣ ਵਾਲੇ ਬਦਲਾਅ ਦੇ ਨਾਲ ਘਟਦਾ-ਵੱਧਦਾ ਰਹਿੰਦਾ ਹੈ। ਆਪਣੀ ਸਥਾਪਨਾ ਤੋਂ ਲੈ ਕੇ ਅੱਜ ਤੱਕ ਗੋਬਿੰਦ ਸਾਗਰ ਇੱਕ ਬਹੁ-ਉਦੇਸ਼ੀ ਜਲ ਸਰੋਤ ਵਜੋਂ ਵਿਕਸਿਤ ਹੋਇਆ ਹੈ, ਜੋ ਜਲ-ਬਿਜਲੀ ਉਤਪਾਦਨ, ਸਿੰਚਾਈ, ਹੜ੍ਹ ਨਿਯੰਤਰਣ, ਪੀਣ ਵਾਲੇ ਪਾਣੀ ਦੀ ਸਪਲਾਈ, ਸੈਰ-ਸਪਾਟੇ ਅਤੇ ਅੰਦਰੂਨੀ ਮੱਛੀ ਪਾਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 | 9216103075 | 9216103069

ਇਸ ਜਲਾਸੇ ਵਿੱਚ ਅਨੁਕੂਲ ਜਲ-ਵਿਗਿਆਨਕ (Limnological) ਸਥਿਤੀਆਂ, ਭਰਪੂਰ ਕੁਦਰਤੀ ਭੋਜਨ ਸਰੋਤ ਅਤੇ ਵਿਭਿੰਨ ਜਲਵਾਸੀ ਆਵਾਸ ਮੌਜੂਦ ਹਨ, ਜੋ ਮੱਛੀਆਂ ਦੀ ਸੰਮ੍ਰਿੱਧ ਜੈਵਿਕ ਵਿਭਿੰਨਤਾ ਨੂੰ ਸਹਾਰਾ ਦਿੰਦੇ ਹਨ। ਇੱਥੇ ਕਈ ਵਪਾਰਕ ਮਹੱਤਵ ਵਾਲੀਆਂ ਮੱਛੀ ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਭਾਰਤੀ ਮੁੱਖ ਕਾਰਪ ਪ੍ਰਜਾਤੀਆਂ-ਕਤਲਾ (Catla), ਰੋਹੂ (Labeo rohita) ਅਤੇ ਮ੍ਰਿਗਲ (Cirrhinus)- ਦੇ ਨਾਲ-ਨਾਲ ਕਾਮਨ ਕਾਰਪ, ਗ੍ਰਾਸ ਕਾਰਪ, ਸਿਲਵਰ ਕਾਰਪ ਅਤੇ ਲੁਪਤ ਹੋਣ ਦੇ ਖਤਰੇ ਹੇਠ ਆਉਣ ਵਾਲੀ ਕੀਮਤੀ ਦੇਸੀ ਪ੍ਰਜਾਤੀ ਗੋਲਡਨ ਮਹਾਸੀਰ (Tor putitora) ਵੀ ਸ਼ਾਮਲ ਹੈ। ਉੱਚ ਜੈਵਿਕ ਉਤਪਾਦਕਤਾ ਅਤੇ ਮੱਛੀ ਬੀਜ ਦੇ ਨਿਯਮਿਤ ਸੰਚਾਰ (Fish Seed Stocking) ਪ੍ਰੋਗਰਾਮ ਦੇ ਕਾਰਨ ਗੋਬਿੰਦ ਸਾਗਰ ਉੱਤਰੀ ਭਾਰਤ ਦੇ ਸਭ ਤੋਂ ਵੱਧ ਉਤਪਾਦਕ ਅੰਦਰੂਨੀ ਮੱਛੀ ਪਾਲਣ ਜਲਸਿਆਂ ਵਿੱਚ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ।

ਵਾਤਾਵਰਨਕ ਮਹੱਤਵ ਤੋਂ ਇਲਾਵਾ, ਇਹ ਜਲਾਸਾ ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਹਜ਼ਾਰਾਂ ਮਛਿਆਰਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਰੋਜ਼ਗਾਰ ਅਤੇ ਜੀਵਨ-ਨਿਰਵਾਹ ਦੇ ਮੌਕੇ ਪ੍ਰਦਾਨ ਕਰਦਾ ਹੈ। ਇਸ ਦੇ ਨਾਲ ਹੀ ਮੱਛੀਆਂ ਦੀ ਮੰਡੀਕਰਨ, ਆਵਾਜਾਈ, ਪ੍ਰੋਸੈਸਿੰਗ ਅਤੇ ਹੋਰ ਸਹਾਇਕ ਉਦਯੋਗਾਂ ਨੂੰ ਵੀ ਉਤਸ਼ਾਹਿਤ ਕਰਦਾ ਹੈ। ਮੱਛੀ ਪਾਲਣ ਸਹਿਕਾਰੀ ਸਭਾਵਾਂ ਅਤੇ ਸਰਕਾਰੀ ਵਿਭਾਗਾਂ ਨੇ ਮੱਛੀ ਬੀਜ ਦੇ ਸੰਚਾਰ, ਨਿਯੰਤਰਿਤ ਮੱਛੀ ਪਕੜ ਅਤੇ ਸੰਰੱਖਣ ਸੰਬੰਧੀ ਉਪਰਾਲਿਆਂ ਰਾਹੀਂ ਜਲਾਸੇ ਦੀ ਮੱਛੀ ਸੰਸਾਧਨਾਂ ਦੇ ਵਿਗਿਆਨਕ ਪ੍ਰਬੰਧਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਆਪਣੇ ਅਤਿ ਮਹੱਤਵ ਦੇ ਬਾਵਜੂਦ, ਗੋਬਿੰਦ ਸਾਗਰ ਜਲਾਸਾ ਕਈ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਜਲ-ਬਿਜਲੀ ਉਤਪਾਦਨ ਕਾਰਨ ਪਾਣੀ ਦੇ ਪੱਧਰ ਵਿੱਚ ਲਗਾਤਾਰ ਉਤਾਰ-ਚੜ੍ਹਾਅ, ਗੈਰ-ਕਾਨੂੰਨੀ ਅਤੇ ਵਿਨਾਸ਼ਕਾਰੀ ਮੱਛੀ ਪਕੜ, ਜਲਵਾਸੀ ਆਵਾਸਾਂ ਦਾ ਨੁਕਸਾਨ, ਪਾਣੀ ਦਾ ਪ੍ਰਦੂਸ਼ਣ ਅਤੇ ਵਿਦੇਸ਼ੀ ਮੱਛੀ ਪ੍ਰਜਾਤੀਆਂ ਦਾ ਵਧਦਾ ਪ੍ਰਭਾਵ ਮੱਛੀਆਂ ਦੀ ਵਿਭਿੰਨਤਾ ਅਤੇ ਕੁੱਲ ਮੱਛੀ ਉਤਪਾਦਨ ਨੂੰ ਪ੍ਰਭਾਵਿਤ ਕਰ ਰਹੇ ਹਨ। ਇਹ ਸਾਰੀਆਂ ਚੁਣੌਤੀਆਂ ਟਿਕਾਊ ਮੱਛੀ ਪਾਲਣ ਪ੍ਰਬੰਧਨ ਦੀ ਲੋੜ ਨੂੰ ਹੋਰ ਵੀ ਮਹੱਤਵਪੂਰਨ ਬਣਾਉਂਦੀਆਂ ਹਨ।

ਵਿਗਿਆਨਕ ਨਿਗਰਾਨੀ, ਦੇਸੀ ਮੱਛੀ ਪ੍ਰਜਾਤੀਆਂ ਦੇ ਸੰਰੱਖਣ, ਜਲਵਾਸੀ ਆਵਾਸਾਂ ਦੀ ਮੁੜ ਬਹਾਲੀ ਅਤੇ ਕੇਜ ਕਲਚਰ ਅਤੇ ਡਿਜ਼ਿਟਲ ਮੱਛੀ ਪਾਲਣ ਪ੍ਰਬੰਧਨ ਵਰਗੀਆਂ ਆਧੁਨਿਕ ਤਕਨੀਕਾਂ ਨੂੰ ਅਪਣਾਉਣ ਨਾਲ ਗੋਬਿੰਦ ਸਾਗਰ ਜਲਾਸੇ ਵਿੱਚ ਮੱਛੀ ਉਤਪਾਦਨ ਨੂੰ ਹੋਰ ਵਧਾਇਆ ਜਾ ਸਕਦਾ ਹੈ, ਨਾਲ ਹੀ ਵਾਤਾਵਰਨਕ ਸੰਤੁਲਨ ਨੂੰ ਵੀ ਕਾਇਮ ਰੱਖਿਆ ਜਾ ਸਕਦਾ ਹੈ। ਇਸ ਲਈ ਗੋਬਿੰਦ ਸਾਗਰ ਜਲਾਸਾ ਭਾਰਤ ਵਿੱਚ ਟਿਕਾਊ ਅੰਦਰੂਨੀ ਮੱਛੀ ਪਾਲਣ ਦੇ ਵਿਕਾਸ ਅਤੇ ਜਲਵਾਸੀ ਜੈਵਿਕ ਵਿਭਿੰਨਤਾ ਦੇ ਸੰਰੱਖਣ ਦਾ ਇੱਕ ਆਦਰਸ਼ ਮਾਡਲ ਮੰਨਿਆ ਜਾਂਦਾ ਹੈ।

ਗੋਬਿੰਦ ਸਾਗਰ ਜਲਾਸਾ ਕਿਉਂ ਮਹੱਤਵਪੂਰਨ ਹੈ ?

ਗੋਬਿੰਦ ਸਾਗਰ ਜਲਾਸਾ ਭਾਰਤ ਦੇ ਸਭ ਤੋਂ ਮਹੱਤਵਪੂਰਨ ਅੰਦਰੂਨੀ ਜਲ ਸਰੋਤਾਂ ਵਿੱਚੋਂ ਇੱਕ ਹੈ, ਜੋ ਵਾਤਾਵਰਨਕ, ਆਰਥਿਕ ਅਤੇ ਸਮਾਜਿਕ ਪੱਖੋਂ ਬਹੁਤ ਮਹੱਤਵ ਰੱਖਦਾ ਹੈ। ਸਤਲੁਜ ਦਰਿਆ ਉੱਤੇ ਬਣੇ ਭਾਖੜਾ ਬੰਧ ਤੋਂ ਬਣਿਆ ਇਹ ਜਲਾਸਾ ਅੱਜ ਇੱਕ ਅਹਿਮ ਮਿੱਠੇ ਪਾਣੀ ਦਾ ਸਰੋਤ ਹੈ, ਜੋ ਮੱਛੀ ਪਾਲਣ, ਖੇਤੀਬਾੜੀ, ਜਲ-ਬਿਜਲੀ ਉਤਪਾਦਨ, ਪੀਣ ਵਾਲੇ ਪਾਣੀ ਦੀ ਸਪਲਾਈ, ਸੈਰ-ਸਪਾਟੇ ਅਤੇ ਜੈਵਿਕ ਵਿਭਿੰਨਤਾ ਦੇ ਸੰਰੱਖਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਇਸ ਦਾ ਵਿਸ਼ਾਲ ਜਲ-ਫੈਲਾਅ, ਅਨੁਕੂਲ ਜਲਵਾਯੂ ਅਤੇ ਪੋਸ਼ਕ ਤੱਤਾਂ ਦੀ ਭਰਪੂਰ ਉਪਲਬਧਤਾ ਕਈ ਮਿੱਠੇ ਪਾਣੀ ਦੀਆਂ ਮੱਛੀ ਪ੍ਰਜਾਤੀਆਂ ਦੇ ਵਿਕਾਸ, ਵਾਧੇ ਅਤੇ ਪ੍ਰਜਨਨ ਲਈ ਆਦਰਸ਼ ਵਾਤਾਵਰਨ ਪ੍ਰਦਾਨ ਕਰਦੀ ਹੈ।

ਗੋਬਿੰਦ ਸਾਗਰ ਜਲਾਸਾ ਖ਼ਾਸ ਤੌਰ 'ਤੇ ਅੰਦਰੂਨੀ ਮੱਛੀ ਪਾਲਣ ਲਈ ਬਹੁਤ ਮਹੱਤਵਪੂਰਨ ਹੈ ਅਤੇ ਉੱਤਰੀ ਭਾਰਤ ਦੇ ਮੱਛੀ ਉਤਪਾਦਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਇੱਥੇ ਭਾਰਤੀ ਮੁੱਖ ਕਾਰਪ ਪ੍ਰਜਾਤੀਆਂ-ਕਤਲਾ, ਰੋਹੂ ਅਤੇ ਮ੍ਰਿਗਲ- ਦੇ ਨਾਲ-ਨਾਲ ਕਾਮਨ ਕਾਰਪ, ਗ੍ਰਾਸ ਕਾਰਪ, ਸਿਲਵਰ ਕਾਰਪ ਅਤੇ ਲੁਪਤ ਹੋਣ ਦੇ ਖਤਰੇ ਹੇਠ ਆਉਣ ਵਾਲੀ ਗੋਲਡਨ ਮਹਾਸੀਰ (Tor putitora) ਵਰਗੀਆਂ ਕੀਮਤੀ ਮੱਛੀਆਂ ਪਾਈਆਂ ਜਾਂਦੀਆਂ ਹਨ। ਮੱਛੀ ਬੀਜ ਦੇ ਨਿਯਮਿਤ ਸੰਚਾਰ, ਵਿਗਿਆਨਕ ਮੱਛੀ ਪਾਲਣ ਪ੍ਰਬੰਧਨ ਅਤੇ ਸਹਿਕਾਰੀ ਮੱਛੀ ਪਕੜ ਪ੍ਰਣਾਲੀ ਨੇ ਮੱਛੀ ਉਤਪਾਦਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਸਥਾਨਕ ਮਛਿਆਰਾ ਭਾਈਚਾਰੇ ਲਈ ਆਮਦਨ ਦਾ ਇੱਕ ਟਿਕਾਊ ਸਰੋਤ ਵੀ ਮੁਹੱਈਆ ਕਰਵਾਇਆ ਹੈ।

ਇਹ ਜਲਾਸਾ ਦੇਸੀ ਮੱਛੀ ਪ੍ਰਜਾਤੀਆਂ ਦੀ ਜੈਵਿਕ ਵਿਭਿੰਨਤਾ ਦੇ ਸੰਰੱਖਣ ਦਾ ਵੀ ਇੱਕ ਮਹੱਤਵਪੂਰਨ ਕੇਂਦਰ ਹੈ। ਇਹ ਕਈ ਦੇਸੀ ਮੱਛੀਆਂ ਦਾ ਕੁਦਰਤੀ ਨਿਵਾਸ ਸਥਾਨ ਹੈ ਅਤੇ ਮੱਛੀ ਜੈਨੇਟਿਕਸ, ਜਲਵਾਸੀ ਪਰਿਆਵਰਣ ਵਿਗਿਆਨ, ਪ੍ਰਜਨਨ ਜੀਵ ਵਿਗਿਆਨ ਅਤੇ ਜਲਾਸਾ ਪ੍ਰਬੰਧਨ ਨਾਲ ਸੰਬੰਧਿਤ ਖੋਜ ਲਈ ਵਧੀਆ ਮੌਕੇ ਪ੍ਰਦਾਨ ਕਰਦਾ ਹੈ। ਇਸ ਕਾਰਨ ਗੋਬਿੰਦ ਸਾਗਰ ਜਲਾਸਾ ਮੱਛੀ ਵਿਗਿਆਨੀਆਂ, ਖੋਜਕਰਤਾਵਾਂ ਅਤੇ ਵਿਦਿਆਰਥੀਆਂ ਲਈ ਇੱਕ ਮਹੱਤਵਪੂਰਨ ਕੁਦਰਤੀ ਪ੍ਰਯੋਗਸ਼ਾਲਾ ਵਜੋਂ ਜਾਣਿਆ ਜਾਂਦਾ ਹੈ।

ਸਮਾਜਿਕ ਅਤੇ ਆਰਥਿਕ ਪੱਖੋਂ ਵੀ ਇਹ ਜਲਾਸਾ ਬੇਹੱਦ ਮਹੱਤਵਪੂਰਨ ਹੈ। ਮੱਛੀ ਪਕੜ, ਮੱਛੀਆਂ ਦਾ ਮੰਡੀਕਰਨ, ਆਵਾਜਾਈ ਅਤੇ ਪ੍ਰੋਸੈਸਿੰਗ ਵਰਗੀਆਂ ਗਤੀਵਿਧੀਆਂ ਰਾਹੀਂ ਇਹ ਹਜ਼ਾਰਾਂ ਮਛਿਆਰਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਰੋਜ਼ੀ-ਰੋਟੀ ਦਾ ਆਧਾਰ ਬਣਿਆ ਹੋਇਆ ਹੈ। ਇਸ ਤੋਂ ਇਲਾਵਾ, ਤਾਜ਼ੀ ਮੱਛੀ ਦੀ ਨਿਰੰਤਰ ਸਪਲਾਈ ਰਾਹੀਂ ਇਹ ਆਲੇ-ਦੁਆਲੇ ਦੇ ਖੇਤਰਾਂ ਵਿੱਚ ਉੱਚ ਗੁਣਵੱਤਾ ਵਾਲੇ ਪ੍ਰੋਟੀਨ ਦੀ ਉਪਲਬਧਤਾ ਯਕੀਨੀ ਬਣਾਉਂਦਿਆਂ ਖੁਰਾਕ ਅਤੇ ਪੋਸ਼ਣ ਸੁਰੱਖਿਆ ਨੂੰ ਵੀ ਮਜ਼ਬੂਤ ਕਰਦਾ ਹੈ।

ਮੱਛੀ ਪਾਲਣ ਤੋਂ ਇਲਾਵਾ, ਗੋਬਿੰਦ ਸਾਗਰ ਜਲਵਾਸੀ ਜੈਵਿਕ ਵਿਭਿੰਨਤਾ ਦੀ ਰੱਖਿਆ ਕਰਕੇ ਅਤੇ ਪਰਵਾਸੀ ਪੰਛੀਆਂ ਸਮੇਤ ਹੋਰ ਜੰਗਲੀ ਜੀਵਾਂ ਨੂੰ ਆਵਾਸ ਪ੍ਰਦਾਨ ਕਰਕੇ ਵਾਤਾਵਰਨਕ ਸੰਤੁਲਨ ਬਣਾਈ ਰੱਖਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਹਾਲਾਂਕਿ, ਪਾਣੀ ਦੇ ਪੱਧਰ ਵਿੱਚ ਉਤਾਰ-ਚੜ੍ਹਾਅ, ਗੈਰ-ਕਾਨੂੰਨੀ ਮੱਛੀ ਪਕੜ, ਜਲਵਾਸੀ ਆਵਾਸਾਂ ਦਾ ਨੁਕਸਾਨ, ਪ੍ਰਦੂਸ਼ਣ ਅਤੇ ਜਲਵਾਯੂ ਪਰਿਵਰਤਨ ਵਰਗੀਆਂ ਚੁਣੌਤੀਆਂ ਇਸ ਦੇ ਟਿਕਾਊ ਪ੍ਰਬੰਧਨ ਦੀ ਲੋੜ ਨੂੰ ਹੋਰ ਵੀ ਮਹੱਤਵਪੂਰਨ ਬਣਾਉਂਦੀਆਂ ਹਨ। ਇਸ ਲਈ ਸੰਰੱਖਣ ਉਪਰਾਲਿਆਂ ਨੂੰ ਮਜ਼ਬੂਤ ਕਰਨਾ, ਵਿਗਿਆਨਕ ਨਿਗਰਾਨੀ ਨੂੰ ਉਤਸ਼ਾਹਿਤ ਕਰਨਾ ਅਤੇ ਸਥਾਨਕ ਭਾਈਚਾਰੇ ਦੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ, ਤਾਂ ਜੋ ਗੋਬਿੰਦ ਸਾਗਰ ਜਲਾਸਾ ਭਵਿੱਖ ਵਿੱਚ ਵੀ ਭਾਰਤ ਦੇ ਸਭ ਤੋਂ ਉਤਪਾਦਕ ਅਤੇ ਵਾਤਾਵਰਨਕ ਪੱਖੋਂ ਮਹੱਤਵਪੂਰਨ ਅੰਦਰੂਨੀ ਮੱਛੀ ਪਾਲਣ ਜਲਾਸਿਆਂ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾਈ ਰੱਖ ਸਕੇ।

ਗੋਬਿੰਦ ਸਾਗਰ ਜਲਾਸੇ ਵਿੱਚ ਮੱਛੀਆਂ ਦੀ ਵਿਭਿੰਨਤਾ ਅਤੇ ਮੁੱਖ ਵਪਾਰਕ ਪ੍ਰਜਾਤੀਆਂ

ਗੋਬਿੰਦ ਸਾਗਰ ਜਲਾਸਾ ਉੱਤਰੀ ਭਾਰਤ ਦੇ ਸਭ ਤੋਂ ਸਮੱਧ ਅੰਦਰੂਨੀ ਮੱਛੀ ਪਾਲਣ ਸਰੋਤਾਂ ਵਿੱਚੋਂ ਇੱਕ ਹੈ, ਜੋ ਮਿੱਠੇ ਪਾਣੀ ਦੀਆਂ ਅਨੇਕਾਂ ਮੱਛੀ ਪ੍ਰਜਾਤੀਆਂ ਨੂੰ ਆਸਰਾ ਪ੍ਰਦਾਨ ਕਰਦਾ ਹੈ। ਸਾਲ 1963 ਵਿੱਚ ਇਸ ਦੀ ਸਥਾਪਨਾ ਤੋਂ ਬਾਅਦ ਇਹ ਜਲਾਸਾ ਇੱਕ ਬਹੁਤ ਹੀ ਉਤਪਾਦਕ ਜਲਵਾਸੀ ਪਰਿਆਵਰਣ ਤੰਤਰ (Aquatic Ecosystem) ਵਜੋਂ ਵਿਕਸਿਤ ਹੋਇਆ ਹੈ, ਜਿਸ ਨੇ ਦੇਸੀ ਅਤੇ ਬਾਹਰੀ (ਵਿਦੇਸ਼ੀ) ਦੋਵੇਂ ਕਿਸਮਾਂ ਦੀਆਂ ਮੱਛੀਆਂ ਲਈ ਅਨੁਕੂਲ ਨਿਵਾਸ ਸਥਾਨ ਮੁਹੱਈਆ ਕਰਵਾਏ ਹਨ। ਇਸ ਦੇ ਵਿਭਿੰਨ ਜਲਵਾਸੀ ਆਵਾਸ, ਪਲਵਕ (Plankton) ਦੀ ਭਰਪੂਰ ਉਪਲਬਧਤਾ ਅਤੇ ਪਾਣੀ ਦੀ ਉੱਤਮ ਗੁਣਵੱਤਾ ਨੇ ਇੱਕ ਸਥਿਰ ਅਤੇ ਉਤਪਾਦਕ ਮੱਛੀ ਭਾਈਚਾਰੇ ਦੀ ਸਥਾਪਨਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਗੋਬਿੰਦ ਸਾਗਰ ਜਲਾਸੇ ਵਿੱਚ 50 ਤੋਂ ਵੱਧ ਮੱਛੀ ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ, ਜੋ ਸਾਈਪ੍ਰਿਨਿਡੀ (Cyprinidae), ਬੈਗ੍ਰਿਡੀ (Bagridae), ਸਿਲੂਰਿਡੀ (Siluridae), ਚੈਨਿਡੀ (Channidae), ਮਾਸਟਾਸੇਂਬੇਲਿਡੀ (Mastacembelidae) ਅਤੇ ਨੋਟੋਪਟੇਰਿਡੀ (Notopteridae) ਸਮੇਤ ਕਈ ਪਰਿਵਾਰਾਂ ਨਾਲ ਸੰਬੰਧਤ ਹਨ। ਇੱਥੋਂ ਦੀ ਮੱਛੀ ਸੰਪਦਾ ਵਿੱਚ ਵਪਾਰਕ ਮਹੱਤਵ ਵਾਲੀਆਂ ਅਤੇ ਵਾਤਾਵਰਨਕ ਦ੍ਰਿਸ਼ਟੀ ਤੋਂ ਅਹਿਮ ਦੇਸੀ ਮੱਛੀਆਂ ਦੋਵੇਂ ਸ਼ਾਮਲ ਹਨ। ਭਾਰਤੀ ਮੁੱਖ ਕਾਰਪ ਪ੍ਰਜਾਤੀਆਂ-ਕਤਲਾ (Catla), ਰੋਹੂ (Labeo rohita) ਅਤੇ ਮ੍ਰਿਗਲ (Cirrhinus mrigala)- ਤੇਜ਼ੀ ਨਾਲ ਵਾਧਾ ਕਰਨ, ਬਾਜ਼ਾਰ ਵਿੱਚ ਉੱਚ ਮੰਗ ਅਤੇ ਖਪਤਕਾਰਾਂ ਦੀ ਪਹਿਲੀ ਪਸੰਦ ਹੋਣ ਕਰਕੇ ਵਪਾਰਕ ਮੱਛੀ ਪਾਲਣ ਦੀ ਰੀੜ੍ਹ ਦੀ ਹੱਡੀ ਮੰਨੀਆਂ ਜਾਂਦੀਆਂ ਹਨ। ਮੱਛੀ ਉਤਪਾਦਨ ਨੂੰ ਕਾਇਮ ਰੱਖਣ ਅਤੇ ਜਲਾਸੇ ਦੀ ਉਤਪਾਦਕ ਸਮਰੱਥਾ ਨੂੰ ਵਧਾਉਣ ਲਈ ਇਨ੍ਹਾਂ ਪ੍ਰਜਾਤੀਆਂ ਦਾ ਨਿਯਮਿਤ ਤੌਰ 'ਤੇ ਮੱਛੀ ਬੀਜ ਸੰਚਾਰ (stocking) ਕੀਤਾ ਜਾਂਦਾ ਹੈ।

ਭਾਰਤੀ ਮੁੱਖ ਕਾਰਪਾਂ ਤੋਂ ਇਲਾਵਾ ਸਿਲਵਰ ਕਾਰਪ (Hypophthalmichthys molitrix), ਗ੍ਰਾਸ ਕਾਰਪ (Ctenopharyngodon idella) ਅਤੇ ਕਾਮਨ ਕਾਰਪ (Cyprinus carpio) ਵਰਗੀਆਂ ਵਿਦੇਸ਼ੀ ਪ੍ਰਜਾਤੀਆਂ ਵੀ ਸਾਲਾਨਾ ਮੱਛੀ ਉਤਪਾਦਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਇਹ ਪ੍ਰਜਾਤੀਆਂ ਜਲਾਸੇ ਦੇ ਵਾਤਾਵਰਣ ਨਾਲ ਚੰਗੀ ਤਰ੍ਹਾਂ ਅਨੁਕੂਲ ਹੋ ਚੁੱਕੀਆਂ ਹਨ ਅਤੇ ਵੱਖ-ਵੱਖ ਪਰਿਆਵਰਨਕ ਨਿਵਾਸ-ਸਥਾਨਾਂ (Ecological Niches) ਦੀ ਪ੍ਰਭਾਵਸ਼ਾਲੀ ਵਰਤੋਂ ਕਰਕੇ ਮੱਛੀ ਉਤਪਾਦਨ ਵਿੱਚ ਵਾਧਾ ਕਰਦੀਆਂ ਹਨ। ਹਾਲਾਂਕਿ, ਇਨ੍ਹਾਂ ਦੀ ਵਧਦੀ ਗਿਣਤੀ ਦੇਸੀ ਮੱਛੀ ਪ੍ਰਜਾਤੀਆਂ ਨਾਲ ਭੋਜਨ ਅਤੇ ਆਵਾਸ ਲਈ ਮੁਕਾਬਲਾ ਪੈਦਾ ਕਰ ਸਕਦੀ ਹੈ। ਇਸ ਲਈ ਇਨ੍ਹਾਂ ਦੀ ਗਿਣਤੀ ਅਤੇ ਪ੍ਰਭਾਵ ਦੀ ਨਿਰੰਤਰ ਨਿਗਰਾਨੀ ਕਰਨੀ ਬਹੁਤ ਜ਼ਰੂਰੀ ਹੈ।

ਗੋਬਿੰਦ ਸਾਗਰ ਜਲਾਸਾ ਕਈ ਕੀਮਤੀ ਦੇਸੀ ਮੱਛੀ ਪ੍ਰਜਾਤੀਆਂ ਦਾ ਵੀ ਮਹੱਤਵਪੂਰਨ ਨਿਵਾਸ ਸਥਾਨ ਹੈ। ਇਨ੍ਹਾਂ ਵਿੱਚ ਲੁਪਤ ਹੋਣ ਦੇ ਖਤਰੇ ਹੇਠ ਆਉਣ ਵਾਲੀ ਗੋਲਡਨ ਮਹਾਸੀਰ (Tor putitoral), ਜੋ ਭਾਰਤ ਦੀਆਂ ਸਭ ਤੋਂ ਪ੍ਰਸਿੱਧ ਖੇਡ ਅਤੇ ਖਾਧ ਮੱਛੀਆਂ ਵਿੱਚੋਂ ਇੱਕ ਹੈ, ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਤੋਂ ਇਲਾਵਾ ਸਨੋ ਟਰਾਊਟ (Schizothorax spp.), ਕੈਟਫ਼ਿਸ਼ (Mystus spp. ਅਤੇ Wallago attu), ਫੈਦਰਬੈਕ (Notopterus notopterus), ਮੁਰੇਲ (Channa spp.) ਅਤੇ ਛੋਟੀਆਂ ਕਾਰਪ ਪ੍ਰਜਾਤੀਆਂ ਵੀ ਜਲਾਸੇ ਦੀ ਜੈਵਿਕ ਵਿਭਿੰਨਤਾ ਅਤੇ ਵਾਤਾਵਰਨਕ ਸਥਿਰਤਾ ਨੂੰ ਮਜ਼ਬੂਤ ਬਣਾਉਂਦੀਆਂ ਹਨ। ਇਨ੍ਹਾਂ ਪ੍ਰਜਾਤੀਆਂ ਦੀ ਮੌਜੂਦਗੀ ਗੋਬਿੰਦ ਸਾਗਰ ਜਲਾਸੇ ਦੀ ਵਾਤਾਵਰਨਕ ਮਹੱਤਤਾ ਨੂੰ ਦਰਸਾਉਂਦੀ ਹੈ ਅਤੇ ਮਿੱਠੇ ਪਾਣੀ ਦੀਆਂ ਦੇਸੀ ਮੱਛੀਆਂ ਦੇ ਸੰਰੱਖਣ ਵਿੱਚ ਇਸ ਦੀ ਅਹਿਮ ਭੂਮਿਕਾ ਨੂੰ ਉਜਾਗਰ ਕਰਦੀ ਹੈ।

(ਚੱਲਦਾ)

ਤਿਲਾਂ ਦੀ ਖੇਤੀ : ਵਧੀਆ ਉਤਪਾਦਨ ਲਈ ਜ਼ਰੂਰੀ ਜਾਣਕਾਰੀ

ਮਨਿੰਦਰ ਸਿੰਘ ਅਤੇ ਜਗਜੋਤ ਸਿੰਘ,
ਪੀ. ਏ. ਯੂ. ਫਾਰਮ ਸਲਾਹਕਾਰ ਸੇਵਾ ਕੇਂਦਰ, ਜਲੰਧਰ (ਮੋ. 81460-88488)

ਤਿਲ ਮਨੁੱਖ ਵੱਲੋਂ ਵਰਤੀਆਂ ਜਾਣ ਵਾਲੀਆਂ ਸਭ ਤੋਂ ਪੁਰਾਤਨ ਤੇ ਪੌਸ਼ਟਿਕ

ਤੇਲ ਬੀਜ ਫ਼ਸਲਾਂ ਵਿੱਚੋਂ ਇੱਕ ਹੈ। ਤਿਲ ਦਾ ਤੇਲ ਉੱਚ ਗੁਣਵੱਤਾ ਵਾਲੇ ਅਸੰਤ੍ਰਿਪਤ ਚਰਬੀ ਅਮਲਾਂ, ਐਂਟੀਆਕਸੀਡੈਂਟਾਂ ਅਤੇ ਵਿਟਾਮਿਨਾਂ ਨਾਲ ਭਰਪੂਰ ਹੁੰਦਾ ਹੈ, ਜੋ ਸਰੀਰ ਵਿੱਚ ਮਾੜੇ ਕੋਲੈਸਟ੍ਰੋਲ ਨੂੰ ਘਟਾਉਣ, ਚੰਗੇ ਕੋਲੈਸਟ੍ਰੋਲ ਨੂੰ ਵਧਾਉਣ ਅਤੇ ਦਿਲ ਦੀ ਸਿਹਤ ਨੂੰ ਬਿਹਤਰ ਬਣਾਈ ਰੱਖਣ ਵਿੱਚ ਸਹਾਇਕ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ, ਤਿਲਾਂ ਵਿੱਚ ਪ੍ਰੋਟੀਨ, ਕੈਲਸ਼ੀਅਮ, ਲੋਹਾ, ਮੈਗਨੀਸ਼ੀਅਮ ਅਤੇ ਜ਼ਿੰਕ ਵਰਗੇ ਮਹੱਤਵਪੂਰਨ ਖਣਿਜ ਵੀ ਪਾਏ ਜਾਂਦੇ ਹਨ। ਤਿਲਾਂ ਦੀਆਂ ਵੱਖ-ਵੱਖ ਕਿਸਮਾਂ ਦੀ ਕਾਸ਼ਤ ਕੀਤੀ ਜਾਂਦੀ ਹੈ, ਜਿਨ੍ਹਾਂ ਵਿੱਚ ਚਿੱਟੇ, ਕਾਲੇ ਅਤੇ ਭੂਰੇ ਤਿਲ ਪ੍ਰਮੁੱਖ ਹਨ।

ਖੇਤੀਬਾੜੀ ਦੇ ਨਜ਼ਰੀਏ ਤੋਂ ਤਿਲ ਇੱਕ ਘੱਟ ਲਾਗਤ ਵਾਲੀ ਅਤੇ ਘੱਟ ਸਮੇਂ ਵਿੱਚ ਤਿਆਰ ਹੋਣ ਵਾਲੀ ਫ਼ਸਲ ਹੈ। ਇਹ ਘੱਟ ਪਾਣੀ ਅਤੇ ਸੀਮਤ ਪੋਸ਼ਕ ਤੱਤਾਂ ਵਾਲੀਆਂ ਹਲਕੀਆਂ ਜ਼ਮੀਨਾਂ ਵਿੱਚ ਵੀ ਸਫ਼ਲਤਾਪੂਰਵਕ ਉਗਾਈ ਜਾ ਸਕਦੀ ਹੈ। ਇਸ ਕਾਰਨ ਇਹ ਉਨ੍ਹਾਂ ਖੇਤਰਾਂ ਲਈ ਵੀ ਉਚਿਤ ਹੈ ਜਿੱਥੇ ਹੋਰ ਫ਼ਸਲਾਂ ਦੀ ਪੈਦਾਵਾਰ ਸੰਤੋਸ਼ਜਨਕ ਨਹੀਂ ਹੁੰਦੀ। ਤਿਲਾਂ ਦੀ ਕਾਸ਼ਤ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਭੂਮੀ ਹੇਠਲੇ ਪਾਣੀ ਦੀ ਸੰਭਾਲ ਵਿੱਚ ਵੀ ਯੋਗਦਾਨ ਪਾਉਂਦੀ ਹੈ। ਪੰਜਾਬ ਵਿੱਚ ਵੀ ਇਹ ਸਾਉਣੀ ਦੀ ਇੱਕ ਮਹੱਤਵਪੂਰਨ ਤੇਲ ਬੀਜ ਫ਼ਸਲ ਵਜੋਂ ਉਭਰ ਰਹੀ ਹੈ ਅਤੇ ਕਿਸਾਨਾਂ ਲਈ ਆਮਦਨ ਵਧਾਉਣ ਦਾ ਵਧੀਆ ਵਿਕਲਪ ਬਣ ਸਕਦੀ ਹੈ।

★ **ਜ਼ਮੀਨ ਦੀ ਚੋਣ ਅਤੇ ਤਿਆਰੀ** : ਤਿਲਾਂ ਦੀ ਕਾਸ਼ਤ ਲਈ ਚੰਗੇ ਪਾਣੀ ਨਿਕਾਸ ਵਾਲੀ ਰੇਤਲੀ ਤੋਂ ਦਰਮਿਆਨੀ ਜ਼ਮੀਨ ਢੁੱਕਵੀਂ ਹੁੰਦੀ ਹੈ। ਬਿਜਾਈ ਤੋਂ ਪਹਿਲਾਂ ਖੇਤ ਨੂੰ 2-3 ਵਾਰ ਵਾਹ ਕੇ ਭੁਰਭੁਰੀ ਅਤੇ ਪੱਧਰੀ ਤਿਆਰ ਕਰਨਾ ਚਾਹੀਦਾ ਹੈ, ਤਾਂ ਜੋ ਬੀਜ ਦਾ ਜੰਮ ਵਧੀਆਂ ਹੋਵੇ।

★ **ਬਿਜਾਈ ਦਾ ਸਮਾਂ** : ਤਿਲਾਂ ਦੀ ਬਿਜਾਈ ਲਈ ਜੁਲਾਈ ਦਾ ਪਹਿਲਾ ਪੰਦਰਵਾੜਾ ਸਭ ਤੋਂ ਢੁੱਕਵਾਂ ਸਮਾਂ ਹੈ। ਅਗੇਤੀ ਬਿਜਾਈ ਨਾਲ ਪਾਣੀ ਦੀ ਵੱਧ ਲੋੜ ਪੈਂਦੀ ਹੈ ਅਤੇ ਬਿਮਾਰੀਆਂ ਦਾ ਹਮਲਾ ਵਧਣ ਕਾਰਨ ਝਾੜ ਘੱਟ ਸਕਦਾ ਹੈ।

★ **ਬੀਜ ਮਾਤਰਾ ਅਤੇ ਬਿਜਾਈ ਢੰਗ** : ਇੱਕ ਏਕੜ ਲਈ ਲੱਗਭੱਗ 1 ਕਿਲੋ ਬੀਜ ਕਾਫ਼ੀ ਹੁੰਦਾ ਹੈ। ਬਿਜਾਈ ਪੋਰੇ ਜਾਂ ਡਰਿੱਲ ਨਾਲ 4-5 ਸੈਂਟੀਮੀਟਰ ਡੂੰਘੀ ਅਤੇ 30 ਸੈਂਟੀਮੀਟਰ ਕਤਾਰ ਦੀ ਦੂਰੀ 'ਤੇ ਕਰਨੀ ਚਾਹੀਦੀ ਹੈ। ਉੱਗਣ ਤੋਂ ਬਾਅਦ ਬੂਟਿਆਂ ਦੀ ਦੂਰੀ 15 ਸੈਂਟੀਮੀਟਰ ਰੱਖਣੀ ਚਾਹੀਦੀ ਹੈ।

★ **ਖਾਦਾਂ ਦੀ ਵਰਤੋਂ** : ਬਿਜਾਈ ਤੋਂ ਪਹਿਲਾਂ 45 ਕਿਲੋ ਯੂਰੀਆ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ। ਵੱਧ ਖਾਦ ਦੀ ਵਰਤੋਂ ਨਾ ਕਰੋ, ਕਿਉਂਕਿ ਇਸ ਨਾਲ ਬੂਟਿਆਂ ਦਾ ਵਾਧਾ ਤਾਂ ਵਧਦਾ ਹੈ ਪਰ ਝਾੜ ਵਿੱਚ ਵਾਧਾ ਨਹੀਂ ਨਹੀਂ ਹੁੰਦਾ।

★ **ਨਦੀਨਾਂ ਦੀ ਰੋਕਥਾਮ** : ਬਿਜਾਈ ਤੋਂ ਲੱਗਭੱਗ 3 ਹਫ਼ਤੇ ਬਾਅਦ ਇੱਕ ਗੋਡੀ ਕਰਕੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

★ **ਕਟਾਈ ਅਤੇ ਝੜਾਈ** : ਫ਼ਸਲ ਪੱਕਣ 'ਤੇ ਪੱਤੇ ਪੀਲੇ ਹੋਣ ਲੱਗਦੇ ਹਨ। ਪੱਕਣ ਉਪਰੰਤ ਤੁਰੰਤ ਕਟਾਈ ਕਰਨੀ ਚਾਹੀਦੀ ਹੈ, ਕਿਉਂਕਿ ਦੇਰੀ ਨਾਲ ਫਲੀਆਂ ਖੁੱਲ੍ਹਣ ਕਾਰਨ ਤਿਲ ਝੜ ਸਕਦੇ ਹਨ। ਕਟਾਈ ਤੋਂ ਬਾਅਦ ਬੂਟਿਆਂ ਦੇ ਛੋਟੇ-ਛੋਟੇ ਪੂਲੇ ਬਣਾ ਕੇ ਸੁਕਾਏ ਜਾਣ ਅਤੇ 1-2 ਵਾਰ ਝੜਾਈ ਕਰਕੇ ਤਿਲ ਇਕੱਠੇ ਕਰਨ ਮਗਰੋਂ ਸਾਫ਼ ਕਰਕੇ ਸੰਭਾਲੇ ਜਾ ਸਕਦੇ ਹਨ।

ਤਿਲਾਂ ਦੀਆਂ ਉੱਨਤ ਅਤੇ ਸਿਫ਼ਾਰਸ਼ ਕਿਸਮਾਂ

ਕਿਸਮ	ਔਸਤ ਝਾੜ (ਕੁਇੰ./ਏ)	ਪੱਕਣ ਸਮਾਂ ਦਿਨ	ਰੋਗ/ਕੀੜੇ ਪ੍ਰਤੀ ਰੋਧਕਤਾ	ਬੀਜਾਂ ਦੀ ਵਿਸ਼ੇਸ਼ਤਾ	ਤੇਲ ਦੀ ਮਾਤਰਾ
ਪੰਜਾਬ ਤਿਲ ਨੰ.-2	2.8	90 ਦਿਨ	ਫੁੱਲਾਂ ਦੇ ਰੋਗ (ਫਾਈਲੋਡੀ) ਅਤੇ ਫਲੀ ਦੇ ਗੜੂੰਏ ਦਾ ਹਮਲਾ ਘੱਟ	ਚਿੱਟੇ, ਮੋਟੇ ਅਤੇ ਖਾਣ ਲਈ ਸੁਆਦਲੇ ਬੀਜ	ਲਗਭਗ 49%
ਆਰ.ਟੀ.-346	2.6	87 ਦਿਨ	ਫੁੱਲਾਂ ਦੇ ਰੋਗ (ਫਾਈਲੋਡੀ) ਅਤੇ ਫਲੀ ਦੇ ਗੜੂੰਏ ਦਾ ਹਮਲਾ ਘੱਟ	ਚਿੱਟੇ, ਮੋਟੇ ਅਤੇ ਉੱਚ ਗੁਣਵੱਤਾ ਵਾਲੇ ਬੀਜ	ਲਗਭਗ 49%

ਝੰਡਾ ਰੋਗ ਦੀ ਸੁਚੱਜੀ ਰੋਕਥਾਮ ਲਈ ਬਾਸਮਤੀ ਦੇ ਬੀਜ ਅਤੇ ਪਨੀਰੀ ਦੋਨ੍ਹਾਂ ਨੂੰ ਸੋਧੋ

ਪੈਰ ਗਲ੍ਹਣ ਦਾ ਰੋਗ ਜਾਂ ਝੰਡਾ ਰੋਗ ਬਾਸਮਤੀ ਦੀ ਸਫਲ ਕਾਸ਼ਤ ਵਿੱਚ ਇੱਕ ਮੁੱਖ ਸਮੱਸਿਆ ਹੈ ਅਤੇ ਇਸ ਦੀ ਪੈਦਾਵਾਰ ਨੂੰ ਘਟਾਉਣ ਦਾ ਇੱਕ ਮਹੱਤਵਪੂਰਨ ਕਾਰਕ ਹੈ। ਬਾਸਮਤੀ ਦੀ ਫ਼ਸਲ ਤੋਂ ਚੰਗਾ ਝਾੜ ਲੈਣ ਲਈ ਇਸ

ਬਿਮਾਰੀ ਦਾ ਸਹੀ ਪ੍ਰਬੰਧਨ ਕਰਨਾ ਬਹੁਤ ਜ਼ਰੂਰੀ ਹੈ। ਇਸ ਰੋਗ ਦਾ ਜ਼ਿਆਦਾ ਹਮਲਾ ਪੰਜਾਬ ਦੇ ਕੁਝ ਜ਼ਿਲ੍ਹਿਆਂ ਜਿਵੇਂ ਅੰਮ੍ਰਿਤਸਰ, ਗੁਰਦਾਸਪੁਰ, ਫਾਜ਼ਿਲਕਾ, ਤਰਨਤਾਰਨ ਅਤੇ ਕਪੂਰਥਲਾ ਦੇ ਕਈ ਪਿੰਡਾਂ ਵਿੱਚ ਦੇਖਿਆ ਗਿਆ ਹੈ। ਪਿਛਲੇ ਸਾਲ ਝੰਡਾ ਰੋਗ ਦਾ ਪ੍ਰਕੋਪ ਬਾਸਮਤੀ ਝੋਨੇ ਦੀਆਂ ਕਿਸਮਾਂ ਜਿਵੇਂ ਪੂਸਾ ਬਾਸਮਤੀ 1121, ਪੂਸਾ ਬਾਸਮਤੀ 1847 ਅਤੇ ਪੂਸਾ ਬਾਸਮਤੀ 1509 ਵਿੱਚ ਦੇਖਿਆ ਗਿਆ ਸੀ। ਅਗੇਤੀ ਬਿਜਾਈ ਵਾਲੀ ਬਾਸਮਤੀ ਵਿੱਚ ਇਸ ਦਾ ਹਮਲਾ ਜ਼ਿਆਦਾ ਪਾਇਆ ਗਿਆ। ਇਹ ਰੋਗ ਬੀਜ ਰਾਹੀਂ ਆਉਂਦਾ ਹੈ। ਕਈ ਕਿਸਾਨ ਵੀਰ ਬੀਜ ਦੀ ਸੋਧ ਤਾਂ ਕਰ ਲੈਂਦੇ ਹਨ ਪਰ ਪਨੀਰੀ ਦੀ ਸੋਧ ਨਹੀਂ ਕਰਦੇ। ਇਸ ਰੋਗ ਦੀ ਸੁਚੱਜੀ ਰੋਕਥਾਮ ਲਈ ਬੀਜ ਅਤੇ ਪਨੀਰੀ ਦੋਨ੍ਹਾਂ ਦੀ ਸੋਧ ਕਰਨਾ ਬੜਾ ਲਾਜ਼ਮੀ ਹੈ।

ਪੈਰਾਂ ਦਾ ਗਲ੍ਹਣਾ ਜਾਂ ਝੰਡਾ ਰੋਗ ਇੱਕ ਉੱਲੀ ਰੋਗ ਹੈ ਜੋ ਬਾਸਮਤੀ ਝੋਨੇ ਦੀਆਂ ਸਾਰੀਆਂ ਹੀ ਕਿਸਮਾਂ ਤੇ ਪਾਇਆ ਜਾਂਦਾ ਹੈ। ਕੋਈ ਵੀ ਕਿਸਮ ਇਸ ਰੋਗ ਦਾ ਟਾਕਰਾ ਨਹੀਂ ਕਰਦੀ। ਬਿਮਾਰੀ ਵਾਲਾ ਬੀਜ ਇਸ ਰੋਗ ਦਾ ਮੁੱਖ ਕਾਰਨ ਹੁੰਦਾ ਹੈ। ਇਸ ਰੋਗ ਦੀ ਉੱਲੀ ਦੇ ਕਣ ਮੁੱਖ ਤੌਰ ਤੇ ਬੀਜ ਅਤੇ ਮਿੱਟੀ ਰਾਹੀਂ ਫੈਲਦੇ ਹਨ ਜਿਹੜੇ ਕਿ ਪਨੀਰੀ ਲਾਉਣ ਵੇਲੇ ਬੀਜ ਦੇ ਪੁੰਗਰਣ ਸਮੇਂ ਜੜ੍ਹਾਂ ਜਾਂ ਧਰਤੀ ਨਾਲ ਲੱਗਦੇ ਤਣੇ ਦੇ ਹਿੱਸੇ ਰਾਹੀਂ ਸਾਰੇ ਪੌਦੇ ਤੇ ਹਮਲਾ ਕਰ ਦਿੰਦੇ ਹਨ। ਜਿਸ ਕਾਰਨ ਸ਼ੁਰੂ ਵਿੱਚ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਦੂਜਿਆਂ ਬੂਟਿਆਂ ਨਾਲੋਂ ਜ਼ਿਆਦਾ ਉੱਚੇ ਲੰਬੇ ਹੋ ਜਾਂਦੇ ਹਨ। ਬਾਅਦ ਵਿੱਚ ਇਹ ਬੂਟੇ ਥੱਲੇ ਤੋਂ ਉੱਪਰ ਵੱਲ ਮੁਰਝਾ ਕੇ ਸੁੱਕ ਜਾਂਦੇ ਹਨ। ਬਿਮਾਰੀ ਵਾਲੇ ਬੂਟੇ ਜ਼ਮੀਨ ਉੱਪਰਲੀਆਂ ਪੋਰੀਆਂ ਤੋਂ ਜੜ੍ਹਾਂ ਬਣਾ ਲੈਂਦੇ ਹਨ। ਰੋਗੀ ਪੌਦੇ ਦੇ ਤਣੇ ਤੇ ਗੁਲਾਬੀ ਰੰਗ ਦੀ ਉੱਲੀ ਵੀ ਦੇਖੀ ਜਾ ਸਕਦੀ ਹੈ। ਕਈ ਵਾਰੀ ਬਿਮਾਰੀ ਵਾਲੇ ਬੂਟੇ ਪਨੀਰੀ ਵਿੱਚ ਹੀ ਛੋਟੇ ਰਹਿ ਜਾਂਦੇ ਹਨ ਅਤੇ ਬਾਅਦ ਵਿੱਚ ਸੁੱਕ ਜਾਂਦੇ ਹਨ।

ਝੰਡਾ ਰੋਗ ਦੀ ਸੁਚੱਜੀ ਰੋਕਥਾਮ ਲਈ ਜ਼ਰੂਰੀ ਨੁਕਤੇ

1. ਇਹ ਬਿਮਾਰੀ ਬੀਜ ਰਾਹੀਂ ਆਉਂਦੀ ਹੈ। ਇਸ ਲਈ ਹਮੇਸ਼ਾ ਰੋਗ ਰਹਿਤ ਬੀਜ ਦੀ ਵਰਤੋਂ ਕਰੋ।
2. ਅਗੇਤੀ ਬਿਜਾਈ ਵਾਲੀ ਫ਼ਸਲ ਤੇ ਇਸ ਰੋਗ ਦਾ ਹਮਲਾ ਜ਼ਿਆਦਾ ਵੇਖਣ ਨੂੰ ਮਿਲਦਾ ਹੈ ਇਸ ਲਈ ਅਗੇਤੀ ਬਿਜਾਈ ਤੋਂ ਗੁਰੇਜ਼ ਕਰੋ।
3. ਰੋਗ ਰਹਿਤ ਪਨੀਰੀ ਤਿਆਰ ਕਰਨ ਲਈ ਪਹਿਲਾਂ ਬੀਜ ਨੂੰ 10 ਲਿਟਰ ਪਾਣੀ ਵਿੱਚ 12 ਘੰਟੇ ਲਈ ਡੁਬੋ ਲਉ। ਹਲਕਾ ਬੀਜ ਉੱਪਰ ਤਰ ਆਵੇਗਾ ਉਸ ਨੂੰ ਨਿਤਾਰ ਕੇ ਬਾਹਰ ਕੱਢ ਦਿਓ ਅਤੇ 8 ਕਿਲੋ ਭਾਰਾ ਬੀਜ ਚੁਣ ਲਓ। ਬੀਜ ਨੂੰ ਬੀਜਣ ਤੋਂ ਪਹਿਲਾਂ ਟ੍ਰਾਈਕੋਡਰਮਾ ਐਸਪੈਰੇਲਮ 2 ਪ੍ਰਤੀਸ਼ਤ ਡਬਲਯੂ ਪੀ ਦੇ ਨਾਲ 15 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਸੋਧ ਕੇ ਪਨੀਰੀ ਦੀ ਬਿਜਾਈ ਕਰ ਲਉ। ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਵੀ ਟ੍ਰਾਈਕੋਡਰਮਾ ਐਸਪੈਰੇਲਮ 2 ਪ੍ਰਤੀਸ਼ਤ ਡਬਲਯੂ ਪੀ (15 ਗ੍ਰਾਮ ਪ੍ਰਤੀ ਲਿਟਰ ਪਾਣੀ) ਦੇ ਘੋਲ ਵਿੱਚ 6 ਘੰਟੇ ਲਈ ਡੁਬੋ ਕੇ ਸੋਧਣਾ ਬੜਾ ਲਾਜ਼ਮੀ ਹੈ।
4. ਜੇਕਰ ਬਿਮਾਰੀ ਵਾਲੇ ਬੂਟੇ ਪਨੀਰੀ ਅਤੇ ਖੇਤ ਵਿੱਚ ਦਿਖਾਈ ਦੇਣ ਤਾਂ ਉਨ੍ਹਾਂ ਨੂੰ ਸਮੇਂ ਸਿਰ ਉਖਾੜ ਕੇ ਨਸ਼ਟ ਕਰ ਦਿਉ।

ਨੋਟ : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਟ੍ਰਾਈਕੋਡਰਮਾ ਐਸਪੈਰੇਲਮ 2 ਪ੍ਰਤੀਸ਼ਤ ਡਬਲਯੂ ਪੀ, ਐਜੇਨੋਰ (ਆਈ. ਪੀ. ਐਲ.) ਦੇ ਨਾਮ ਨਾਲ ਮਾਰਕਿਟ ਵਿੱਚ ਉਪਲੱਬਧ ਹੈ।

ਦਲਜੀਤ ਸਿੰਘ ਬੁੱਟਰ ਅਤੇ ਅਜੈ ਕੁਮਾਰ ਚੌਧਰੀ, ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ
ਮੋਬਾਇਲ : 98729-25785

ਸਰਕਾਰੀ ਖਰੀਦ ਨਾ ਹੋਣ ਕਾਰਨ ਮੂੰਗੀ ਤੇ ਮੱਕੀ ਦਾ ਕਿਸਾਨਾਂ ਨੂੰ ਨਹੀਂ ਮਿਲ ਰਿਹਾ ਪੂਰਾ ਮੁੱਲ

ਐਮ.ਐਸ.ਪੀ. ਤੋਂ ਕਈ ਗੁਣਾ ਘੱਟ ਵੇਚਣੀ ਪਈ ਫ਼ਸਲ, ਵਪਾਰੀਆਂ ਦੀ ਚਾਂਦੀ

ਪਿਛਲੇ ਸਾਲਾਂ ਵਾਂਗ ਇਸ ਵਾਰ ਵੀ ਪੰਜਾਬ ਸਰਕਾਰ ਵੱਲੋਂ ਮੂੰਗੀ ਅਤੇ ਮੱਕੀ ਦੀ ਫ਼ਸਲ ਦੀ ਖਰੀਦ ਤੋਂ ਪਾਸਾ ਵੱਟੇ ਜਾਣ ਕਾਰਨ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਵਪਾਰੀਆਂ ਕੋਲ ਵੇਚਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ, ਜਿਸ ਕਾਰਨ ਕਿਸਾਨਾਂ ਨੂੰ ਸਰਕਾਰ ਵੱਲੋਂ ਨਿਰਧਾਰਿਤ ਐਮ. ਐਸ. ਪੀ. ਨਾਲੋਂ ਕਈ ਗੁਣਾਂ ਘੱਟ ਮੁੱਲ ਮਿਲ ਰਿਹਾ ਹੈ ਅਤੇ ਮੰਡੀਆਂ ਵਿੱਚ ਸਰਕਾਰੀ ਖਰੀਦ ਨਾ ਹੋਣ ਕਾਰਨ ਵਪਾਰੀ ਮੂੰਗੀ ਅਤੇ ਮੱਕੀ ਦਾ ਮੁੱਲ ਆਪਣੇ ਅਨੁਸਾਰ ਹੀ ਤੈਅ ਕਰ ਰਹੇ ਹਨ। ਪੰਜਾਬ ਦੀ ਦਾਲ ਹੱਬ ਵਜੋਂ ਮਸ਼ਹੂਰ ਅਨਾਜ ਮੰਡੀ ਜਗਰਾਉਂ ਵਿੱਚ ਮੂੰਗੀ ਤੇ ਮੱਕੀ ਦੀ ਇਸ ਵਾਰ ਰਿਕਾਰਡ ਤੋੜ ਆਮਦ ਹੋ ਰਹੀ ਹੈ, ਪਰ ਬੰਪਰ ਪੈਦਾਵਾਰ ਕਰਨ ਵਾਲੇ ਕਿਸਾਨਾਂ ਨੂੰ ਸੂਬਾ ਸਰਕਾਰ ਦੀ ਬੇਰੁਖੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ਅਤੇ ਕਿਸਾਨਾਂ ਨੂੰ ਆਸ ਮੁਤਾਬਿਕ ਫ਼ਸਲਾਂ ਦਾ ਪੂਰਾ ਮੁੱਲ ਨਹੀਂ ਮਿਲ ਰਿਹਾ। ਸੂਬੇ ਵਿੱਚ ਮੂੰਗੀ ਅਤੇ ਮੱਕੀ ਦੀ ਖਰੀਦ ਦਾ ਸੀਜ਼ਨ ਇਸ ਮੌਕੇ ਆਖਰੀ ਪੜਾਅ ਵਿੱਚ ਪਹੁੰਚ ਚੁੱਕਾ ਹੈ ਅਤੇ ਜ਼ਿਆਦਾਤਰ ਕਿਸਾਨ ਆਪਣੀਆਂ ਫ਼ਸਲਾਂ ਵੇਚ ਚੁੱਕੇ ਹਨ, ਪਰ ਫ਼ਸਲਾਂ ਦੀ ਮੰਡੀਆਂ ਵਿੱਚ ਹੋ ਰਹੀ ਸ਼ਰ੍ਹੇਆਮ ਲੁੱਟ ਖਿਲਾਫ ਨਾ ਤਾਂ ਪੰਜਾਬ ਸਰਕਾਰ ਨੇ ਕੋਈ ਕਦਮ ਚੁੱਕਿਆ ਹੈ ਅਤੇ ਨਾ ਹੀ ਕਿਸਾਨ ਜਥੇਬੰਦੀਆਂ ਨੇ ਆਵਾਜ਼ ਉਠਾਈ, ਜਿਸ ਕਾਰਨ ਵਪਾਰੀਆਂ ਨੂੰ ਮਨਮਰਜ਼ੀ ਦੇ ਭਾਅ ਨਾਲ ਫ਼ਸਲਾਂ ਦੀ ਖਰੀਦ ਕਰਨ ਦੀ ਪੂਰੀ ਖੁੱਲ੍ਹ ਮਿਲ ਗਈ ਹੈ। ਵੱਡੀ ਅਨਾਜ ਮੰਡੀ ਜਗਰਾਉਂ ਨੂੰ ਪੰਜਾਬ ਦੀ ਦਾਲ ਹੱਬ ਵਜੋਂ ਜਾਣਿਆ ਜਾਂਦਾ ਹੈ, ਕਿਉਂਕਿ ਜਗਰਾਉਂ ਖਛਰ ਵਿੱਚ ਕਈ ਵੱਡੀਆਂ ਦਾਲ ਮਿੱਲਾਂ ਹਨ ਅਤੇ ਸਮੁੱਚੇ ਸੂਬੇ ਦੇ ਕਿਸਾਨ ਜਗਰਾਉਂ ਅਨਾਜ ਮੰਡੀ ਵੱਚ ਮੂੰਗੀ ਦੀ ਫ਼ਸਲ ਵੇਚਣ ਲਈ ਲਿਆਉਂਦੇ ਹਨ। ਜਗਰਾਉਂ ਅਨਾਜ ਮੰਡੀ ਵਿੱਚ ਸੂਬੇ ਦੀਆਂ ਹੋਰ ਮੰਡੀਆਂ ਨਾਲੋਂ ਕਿਸਾਨਾਂ ਨੂੰ ਮੂੰਗੀ ਦੀ ਫ਼ਸਲ ਦਾ ਚੰਗਾ ਭਾਅ ਮਿਲਦਾ ਹੈ। ਜਗਰਾਉਂ ਅਨਾਜ ਮੰਡੀ ਵਿੱਚ ਅੱਜ ਤੱਕ ਮੂੰਗੀ 2 ਲੱਖ 15 ਹਜ਼ਾਰ 902 ਕੁਇੰਟਲ ਵਪਾਰੀਆਂ ਵੱਲੋਂ ਖਰੀਦ ਕੀਤੀ ਜਾ ਚੁੱਕੀ ਹੈ। ਸਰਕਾਰ ਵੱਲੋਂ ਮੂੰਗੀ ਦੀ ਫ਼ਸਲ ਦਾ ਸਰਕਾਰੀ ਭਾਅ (ਐਮ. ਐਸ. ਪੀ.) 8788 ਰੁਪਏ ਨਿਰਧਾਰਿਤ ਕੀਤਾ ਹੋਇਆ ਹੈ, ਪਰ ਜਗਰਾਉਂ ਮੰਡੀ ਵਿੱਚ ਕਿਸੇ ਵੀ ਕਿਸਾਨ ਨੂੰ ਸਰਕਾਰੀ ਭਾਅ ਦੇ ਬਰਾਬਰ ਮੂੰਗੀ ਦਾ ਰੇਟ ਨਸੀਬ ਨਹੀਂ ਹੋਇਆ। ਜਗਰਾਉਂ ਮੰਡੀ ਵਿੱਚ ਮੂੰਗੀ ਦੀ ਫ਼ਸਲ ਵਪਾਰੀਆਂ ਵੱਲੋਂ 3500 ਤੋਂ ਲੈ ਕੇ 7605 ਰੁਪਏ ਪ੍ਰਤੀ ਕੁਇੰਟਲ ਤੱਕ ਹੀ ਖਰੀਦੀ ਗਈ ਹੈ। ਦੂਜੇ ਪਾਸੇ ਮੱਕੀ ਦੀ ਫ਼ਸਲ ਦਾ ਸਰਕਾਰ ਨੇ ਘੱਟੋ-ਘੱਟ ਮੁੱਲ 2300 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਹੈ, ਪਰ ਅਨਾਜ ਮੰਡੀਆਂ ਵਿੱਚ ਕਿਸਾਨਾਂ ਦੀ ਮੱਕੀ 1650 ਤੋਂ ਲੈ ਕੇ 1950 ਰੁਪਏ ਤੱਕ ਹੀ ਵਿਕ ਰਹੀ ਹੈ। ਜਗਰਾਉਂ ਮੰਡੀ ਵਿੱਚ ਮੂੰਗੀ ਦੀ ਫ਼ਸਲ ਵੇਚਣ ਲਈ ਬੈਠੇ ਕਿਸਾਨ ਕਰਮ ਸਿੰਘ ਸ਼ੇਰਪੁਰਾ ਅਤੇ ਕਿਸਾਨ ਅਜਮੇਰ ਸਿੰਘ ਨੇ ਕਿਹਾ ਕਿ ਸਰਕਾਰ ਦੇ ਦਾਅਵਿਆਂ ਤੇ ਵਾਅਦਿਆਂ ਵਿੱਚ ਜ਼ਮੀਨ ਆਸਮਾਨ ਦਾ ਫਰਕ ਹੈ। ਮੰਡੀਆਂ ਵਿੱਚ ਕਿਸਾਨਾਂ ਦੀ ਕੋਈ ਬਾਂਹ ਫੜ੍ਹਨ ਨੂੰ ਤਿਆਰ ਨਹੀਂ ਅਤੇ ਕਿਸਾਨਾਂ ਦੀਆਂ ਫ਼ਸਲਾਂ ਦਾ ਮੁੱਲ ਵਪਾਰੀ ਤੈਅ ਕਰਦੇ ਹਨ, ਜਿਸ ਕਾਰਨ ਕਿਸਾਨਾਂ ਨੂੰ ਫ਼ਸਲਾਂ ਦਾ ਯੋਗ ਭਾਅ ਨਹੀਂ ਮਿਲਦਾ। ਆੜ੍ਹਤੀਆ ਐਸੋਸੀਏਸ਼ਨ ਜਗਰਾਉਂ ਦੇ ਪ੍ਰਧਾਨ ਕਨੱਈਆ ਗੁਪਤਾ ਬਾਂਕਾ ਨੇ ਕਿਹਾ ਕਿ ਇਸ ਵਾਰ ਵੱਡੀ ਮਾਤਰਾ ਵਿੱਚ ਮੂੰਗੀ ਅਤੇ ਮੱਕੀ ਦੀ ਫ਼ਸਲ ਦੀ ਗੁਣਵੱਤਾ ਵਿੱਚ ਕਾਫ਼ੀ ਖਰਾਬੀ ਆਈ ਹੈ ਅਤੇ ਵਪਾਰੀਆਂ ਵੱਲੋਂ ਗੁਣਵੱਤਾ ਅਨੁਸਾਰ ਹੀ ਕਿਸਾਨਾਂ ਤੋਂ ਮੂੰਗੀ ਅਤੇ ਮੱਕੀ ਦੀ ਫ਼ਸਲ ਖਰੀਦੀ ਜਾ ਰਹੀ ਹੈ, ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਜੋ ਫ਼ਸਲਾਂ ਦਾ ਮੁੱਲ ਮਿਲ ਰਿਹਾ ਹੈ, ਉਹ ਉਸ ਤੋਂ ਖੁਸ਼ ਹਨ। ਉਨ੍ਹਾਂ ਕਿਹਾ ਕਿ ਜੇਕਰ ਮੂੰਗੀ ਤੇ ਮੱਕੀ ਦੀ ਸਰਕਾਰੀ ਖਰੀਦ ਹੋਵੇ, ਜਿਵੇਂ ਕਿ ਕੁਝ ਸਾਲ ਪਹਿਲਾਂ ਹੁੰਦੀ ਸੀ ਤਾਂ ਕਿਸਾਨਾਂ ਨੂੰ ਐਮ. ਐਸ. ਪੀ. ਅਨੁਸਾਰ ਫ਼ਸਲਾਂ ਦਾ ਮੁੱਲ ਮਿਲ ਸਕਦਾ ਹੈ, ਪਰ ਸਰਕਾਰ ਨੇ ਮੂੰਗੀ ਅਤੇ ਮੱਕੀ ਦੀ ਖਰੀਦ ਤੋਂ ਬਿਲਕੁਲ ਹੀ ਪਾਸਾ ਵੱਟ ਲਿਆ ਹੈ, ਜਿਸ ਕਾਰਨ ਫ਼ਸਲਾਂ ਦਾ ਰੇਟ ਵੱਧ ਘੱਟ ਹੁੰਦਾ ਰਹਿੰਦਾ ਹੈ।

ਪਦਮ ਸਨਮਾਨਾਂ ਨਾਲ ਸਨਮਾਨੇ 15 ਪੁਰਾਣੇ ਵਿਦਿਆਰਥੀ

ਪੰਜਾਬ ਨੇ ਸੰਸਾਰ ਵਿੱਚ ਹਰੇ ਇਨਕਲਾਬ ਦੀ ਸਿਰਜਣਾ ਕੀਤੀ । ਇਸ ਵਿੱਚ ਕਿਸਾਨਾਂ, ਵਿਗਿਆਨੀਆਂ ਅਤੇ ਸਰਕਾਰ ਦੀ ਮੁੱਖ ਭੂਮਿਕਾ ਰਹੀ । ਖੇਤੀ ਵਿਗਿਆਨੀਆਂ ਵਿੱਚੋਂ ਬਹੁਤਿਆਂ ਨੇ ਖੇਤੀਬਾੜੀ ਕਾਲਜ ਲੁਧਿਆਣਾ ਤੋਂ ਹੀ ਸਿੱਖਿਆ ਪ੍ਰਾਪਤ ਕੀਤੀ । ਦੇਸ਼ ਨਿਤ ਪੈ ਰਹੇ ਅਕਾਲ ਨੂੰ ਦੇਖਦਿਆਂ ਖੇਤੀ ਵਿਕਾਸ ਲਈ ਭਾਰਤ ਸਰਕਾਰ ਨੇ ਦੇਸ਼ ਵਿੱਚ 1908 ਨੂੰ ਚਾਰ ਖੇਤੀ ਕਾਲਜ ਖੋਲ੍ਹੇ । ਇਨ੍ਹਾਂ ਵਿੱਚੋਂ ਇੱਕ ਪੰਜਾਬ ਦੇ ਸ਼ਹਿਰ ਲਾਇਲਪੁਰ ਖੋਲ੍ਹਿਆ ਗਿਆ । ਕਾਲਜ ਦੀ ਹੋਂਦ ਨੇ ਉਸ ਇਲਾਕੇ ਨੂੰ ਹਰਿਆ ਭਰਿਆ ਬਣਾ ਦਿੱਤਾ । ਲਾਇਲਪੁਰ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਅਤੇ ਕਪਾਹ ਦੀ ਮੰਡੀ ਬਣਿਆ । ਪੰਜਾਬ ਵੰਡ ਪਿੱਛੋਂ ਇਹ ਕਾਲਜ ਲੁਧਿਆਣੇ ਖੋਲ੍ਹਿਆ ਗਿਆ । ਲੁਧਿਆਣਾ ਦੇਸ਼ ਦਾ ਖੇਤੀ ਵਿਕਾਸ ਵਿੱਚ ਮੋਹਰੀ ਸੂਬਾ ਬਣਿਆ ਅਤੇ ਖੰਨਾ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਬਣ ਗਈ । ਇਥੋਂ ਦੇ ਵਿਦਿਆਰਥੀਆਂ ਨੇ ਕੇਵਲ ਬਤੌਰ ਖੇਤੀ ਵਿਗਿਆਨੀ ਹੀ ਸੰਸਾਰ ਪੱਧਰ ਉਤੇ ਨਾਮਣਾ ਨਹੀਂ ਖੱਟਿਆ ਸਗੋਂ ਖੇਡਾਂ, ਫ਼ੌਜ ਤੇ ਹੋਰ ਉੱਚ ਅਹੁਦਿਆਂ ਉੱਤੇ ਰਹਿ ਕੇ ਵੀ ਦੇਸ਼ ਦਾ ਨਾਮ ਚਮਕਾਇਆ ।

ਡਾ. ਰਣਜੀਤ ਸਿੰਘ

ਖੇਤੀ ਵਿਕਾਸ ਦੇ ਮੋਢੀ - ਡਾ. ਅਮਰੀਕ ਸਿੰਘ ਚੀਮਾ

ਡਾ. ਅਮਰੀਕ ਸਿੰਘ ਚੀਮਾ ਇਕ ਕਿਸਾਨ ਪੁੱਤਰ ਹੋਣ ਕਰਕੇ ਉਨ੍ਹਾਂ ਸਾਰੀ ਉਮਰ ਕਿਸਾਨ ਤੇ ਕਿਰਸਾਨੀ ਦੇ ਭਲੇ ਲਈ ਕੰਮ ਕੀਤਾ । ਉਹ ਜਦੋਂ ਪੰਜਾਬ ਵਿੱਚ ਖੇਤੀਬਾੜੀ ਮਹਿਕਮੇ ਦੇ ਡਾਇਰੈਕਟਰ ਸਨ ਤੇ ਮੁੜ ਭਾਰਤ ਸਰਕਾਰ ਦੇ ਖੇਤੀ ਉਪਜ ਕਮਿਸ਼ਨਰ ਸਨ ਉਦੋਂ ਹੀ ਦੇਸ਼ ਵਿਸ਼ੇਸ਼ ਕਰਕੇ ਪੰਜਾਬ ਦੀ ਕਿਰਸਾਣੀ ਵਿੱਚ ਇੱਕ ਨਵਾਂ ਮੋੜ ਆਇਆ । ਉਹ ਉਨ੍ਹਾਂ ਮੁੱਢਲੇ ਅਧਿਕਾਰੀਆਂ ਵਿੱਚੋਂ ਸਨ ਜਿਨ੍ਹਾਂ ਦੇ ਯਤਨਾਂ ਨਾਲ ਦੇਸ਼ ਵਿੱਚ ਹਰੇ ਇਨਕਲਾਬ ਦੀ ਨੀਂਹ



ਰੱਖੀ ਗਈ । ਉਨ੍ਹਾਂ ਆਪਣੀ ਨੌਕਰੀ ਮਹਾਰਾਜ ਫ਼ਰੀਦਕੋਟ ਕੋਲ ਸ਼ੁਰੂ ਕੀਤੀ । ਉਹ ਪਹਿਲਾਂ ਪੈਪਸੂ ਤੇ ਮੁੜ ਪੰਜਾਬ ਦੇ ਖੇਤੀਬਾੜੀ ਡਾਇਰੈਕਟਰ ਬਣੇ । ਭਾਰਤ ਸਰਕਾਰ ਨੇ ਉਨ੍ਹਾਂ ਨੂੰ 1966 ਵਿੱਚ ਆਪਣਾ ਖੇਤੀ ਉਪਜ ਕਮਿਸ਼ਨਰ ਬਣਾ ਲਿਆ । ਕਿਸਾਨਾਂ ਦੇ ਪੁੱਤਰਾਂ ਨੂੰ ਖੇਤੀ ਵਲ ਮੋੜਨ ਲਈ ਉਨ੍ਹਾਂ ਨੌਜਵਾਨ ਕਿਸਾਨ ਸੰਸਥਾ ਬਣਾਈ ਤੇ ਇਨ੍ਹਾਂ ਦੀ ਸਿਖਲਾਈ ਲਈ ਪਟਿਆਲਾ ਲਾਗੇ ਰਖੜਾ ਵਿਖੇ ਸਿਖਲਾਈ ਕੇਂਦਰ ਸਥਾਪਿਤ ਕੀਤਾ । ਉਨ੍ਹਾਂ ਦੇ ਖੇਤੀ ਵਿਕਾਸ ਵਿੱਚ ਪਾਏ ਯੋਗਦਾਨ ਨੂੰ ਵੇਖਦਿਆਂ ਹੋਇਆਂ ਮੁੜ ਉਸਾਰੀ ਅਤੇ ਵਿਕਾਸ ਲਈ ਅੰਤਰਰਾਸ਼ਟਰੀ ਬੈਂਕ ਨੇ 1973 ਵਿੱਚ ਆਪਣਾ ਖੇਤੀ ਸਲਾਹਕਾਰ ਬਣਾ ਲਿਆ । ਉੱਥੋਂ ਆ ਕੇ ਆਪ 1976 ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਉਪਕੁਲਪਤੀ ਬਣੇ । ਖੇਤੀਬਾੜੀ ਦੀ ਪੜ੍ਹਾਈ ਉਨ੍ਹਾਂ ਲਾਇਲਪੁਰ ਖੇਤੀਬਾੜੀ ਕਾਲਜ ਤੋਂ ਕੀਤੀ ਸੀ ਅਤੇ ਪੀਐਚਡੀ ਅਮਰੀਕਾ ਦੀ ਪ੍ਰਸਿੱਧ ਯੂਨੀਵਰਸਿਟੀ ਕਾਰਨਲ ਤੋਂ ਕੀਤੀ । ਭਾਰਤ ਸਰਕਾਰ ਨੇ ਉਨ੍ਹਾਂ ਵਲੋਂ ਖੇਤੀ ਵਿਕਾਸ ਲਈ ਪਾਏ ਯੋਗਦਾਨ ਲਈ ਪਦਮ ਸ੍ਰੀ ਨਾਲ ਸਨਮਾਨਿਆ ।

ਮੱਕੀ ਦਾ ਖੋਜੀ - ਡਾ. ਬਲਦੇਵ ਸਿੰਘ ਢਿੱਲੋਂ

ਡਾ. ਬਲਦੇਵ ਸਿੰਘ ਢਿੱਲੋਂ ਇਕ ਸੂਝਵਾਨ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਵਿਗਿਆਨੀ ਹੋਣ ਦੇ ਨਾਲੋਂ ਨਾਲ ਮਿਹਨਤੀ ਅਤੇ ਸੁਲਝੇ ਹੋਏ ਨੀਤੀਵਾਨ ਵੀ ਹਨ । ਸਾਰੇ ਸੰਸਾਰ ਵਿੱਚ ਬਲਦੇਵ ਸਿੰਘ ਨੂੰ ਫ਼ਸਲ ਨਸਲਕਸ਼ੀ ਵਿਸ਼ੇਸ਼ ਕਰਕੇ ਮੱਕੀ ਮਾਹਿਰ ਕਰਕੇ ਜਾਣਿਆ ਜਾਂਦਾ ਹੈ । ਉਨ੍ਹਾਂ ਨੇ ਮੱਕੀ ਦੀਆਂ ਕਈ ਨਵੀਆਂ ਕਿਸਮਾਂ ਤਿਆਰ ਕੀਤੀਆਂ ਜਿਨ੍ਹਾਂ ਦੀ ਕਾਸ਼ਤ

ਪੰਜਾਬ ਵਿੱਚ ਹੀ ਨਹੀਂ ਸਗੋਂ ਦੂਜੇ ਸੂਬਿਆਂ ਵਿੱਚ ਵੀ ਕੀਤੀ ਗਈ । ਉਨ੍ਹਾਂ ਦਾ ਜਨਮ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਦੋਬਰਜੀ ਵਿਖੇ 27 ਜੂਨ 1947 ਨੂੰ ਸ. ਬਖ਼ਸ਼ੀਸ਼ ਸਿੰਘ ਹੋਰਾਂ ਦੇ ਗ੍ਰਹਿ ਵਿਖੇ ਹੋਇਆ । ਬਲਦੇਵ ਹੋਰਾਂ ਮੁਢਲੀ ਪੜ੍ਹਾਈ ਪਿੰਡਾਂ ਦੇ ਸਕੂਲ ਵਿੱਚ ਹੀ ਕੀਤੀ ਅਤੇ ਉਚੇਰੀ ਪੜ੍ਹਾਈ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਖੇਤੀਬਾੜੀ ਕਾਲਜ ਲੁਧਿਆਣਾ, ਭਾਰਤੀ ਖੇਤੀ ਖੋਜ ਸੰਸਥਾ, ਨਵੀਂ ਦਿੱਲੀ ਵਿਖੇ ਕੀਤੀ । ਉਨ੍ਹਾਂ ਨੂੰ ਮੈਕਸੀਕੋ, ਜਰਮਨੀ ਅਤੇ ਇੰਗਲੈਂਡ ਵਿਖੇ ਵੀ ਉਚੇਰੀ ਸਿੱਖਿਆ ਪ੍ਰਾਪਤੀ ਦਾ ਮੌਕਾ ਮਿਲਿਆ । ਉਪਕੁਲਪਤੀ ਦੀ ਪਦਵੀ ਉਤੇ ਉਹ ਦਸ ਸਾਲ ਰਹੇ । ਇੰਝ ਹੁਣ ਤਕ ਸਭ ਤੋਂ ਵਧ ਸਮੇਂ ਲਈ ਇਸ ਪਦਵੀ ਉੱਤੇ ਰਹਿਣ ਵਾਲੇ ਉਹ ਪਹਿਲੇ ਵਿਗਿਆਨੀ ਬਣੇ । ਉਨ੍ਹਾਂ ਦੇ ਸਮੇਂ ਕੋਈ 20 ਤੋਂ ਵੱਧ ਪਦਾਰਥਾਂ ਦਾ ਪੰਜੀਕਰਣ ਹੋਇਆ ਤੇ 25 ਤੋਂ ਵੱਧ ਕੰਪਨੀਆਂ ਨਾਲ ਸਮਝੌਤੇ ਕੀਤੇ ਗਏ । ਨਰਮੇ ਦੀ ਬੀਟੀ ਕਿਸਮ ਵੀ ਉਨ੍ਹਾਂ ਸਮੇਂ ਹੀ ਪੀ ਏ ਯੂ ਨੇ ਵਿਕਸਤ ਕੀਤੀ । ਇਨ੍ਹਾਂ ਵੇਲੇ ਹੀ ਯੂਨੀਵਰਸਿਟੀ ਦੀ ਗੋਲਡਨ ਜੁਬਲੀ ਮਨਾਈ ਗਈ ਅਤੇ ਦੇਸ਼ ਦੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਇਥੇ ਆਏ । ਉਨ੍ਹਾਂ ਨੂੰ ਬਹੁਤ ਸਾਰੇ ਇਨਾਮ ਸਨਮਾਨ ਪ੍ਰਾਪਤ ਹੋਏ ਹਨ । ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਸ੍ਰੀ ਦੇ ਸਨਮਾਨ ਨਾਲ ਸਨਮਾਨਿਤ ਕੀਤਾ ।

ਖੇਤੀ ਅਰਥ ਸ਼ਾਸਤਰੀ - ਡਾ. ਸਰਦਾਰਾ ਸਿੰਘ ਜੌਹਲ

ਸੰਸਾਰ ਪ੍ਰਸਿੱਧ ਖੇਤੀ ਅਰਥ ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਦਾ ਜਨਮ ਪੱਛਮੀ ਪੰਜਾਬ ਦੇ ਜ਼ਿਲ੍ਹਾ ਜੜ੍ਹਾਂਵਾਲਾ ਦੇ ਪਿੰਡ ਚੱਕ ਨੰਬਰ 104 ਵਿੱਚ 24 ਫਰਵਰੀ 1928 ਨੂੰ ਸ. ਬੂਟਾ ਸਿੰਘ ਹੋਰਾਂ ਦੇ ਘਰ ਹੋਇਆ । ਆਪ ਦਾ ਪੰਜਾਬ ਦੇ ਖੇਤੀ ਵਿਕਾਸ, ਖੇਤੀ ਪ੍ਰਬੰਧ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਪੂਰਾ ਮੁੱਲ ਦਿਵਾਉਣ ਵਿੱਚ ਅਹਿਮ ਯੋਗਦਾਨ ਹੈ । ਉਨ੍ਹਾਂ ਵਲੋਂ ਪੰਜਾਬ ਦੀ ਖੇਤੀ ਨੂੰ ਨਵਾਂ ਮੋੜ ਦੇਣ ਅਤੇ ਸਦਾਬਹਾਰ ਖੇਤੀ ਇਨਕਲਾਬ ਰਚਨ ਲਈ ਦੋ ਰਿਪੋਰਟਾਂ ਤਿਆਰ ਕੀਤੀਆਂ ਗਈਆਂ । ਉਨ੍ਹਾਂ ਨੂੰ ਪੜ੍ਹਾਈ ਲਈ ਕਈ ਮੀਲ ਪੈਦਲ ਤੁਰ ਕੇ ਸਕੂਲ ਜਾਣਾ ਪੈਂਦਾ ਸੀ ਤੇ ਕਈ ਵਾਰ ਪੈਰੀਂ ਜੁੱਤੀ ਵੀ ਨਹੀਂ ਸੀ ਹੁੰਦੀ । ਉਨ੍ਹਾਂ ਦਸਵੀਂ ਜਮਾਤ ਆਰੀਆ ਸਕੂਲ ਨੂਰ ਮਹਿਲ ਤੋਂ ਕੀਤੀ । ਮੁੜ ਖੇਤੀਬਾੜੀ ਦੀ ਪੜ੍ਹਾਈ ਖੇਤੀਬਾੜੀ ਕਾਲਜ ਲੁਧਿਆਣਾ ਵਿਖੇ ਪੂਰੀ ਕੀਤੀ । ਉਨ੍ਹਾਂ ਖੇਤੀਬਾੜੀ ਕਾਲਜ ਲੁਧਿਆਣਾ ਵਿਖੇ ਬਤੌਰ ਸਹਾਇਕ ਪ੍ਰੋਫ਼ੈਸਰ ਆਪਣੀ ਨੌਕਰੀ 1960 ਵਿੱਚ

ਕੀਤੀ ਅਤੇ 1965 ਵਿੱਚ ਵਿਭਾਗ ਦੇ ਮੁਖੀ ਬਣ ਗਏ । ਦੋ ਸਾਲ ਅਮਰੀਕਾ ਦੀ ਯੂਨੀਵਰਸਿਟੀ ਵਿਖੇ ਮਾਹਿਰ ਦੇ ਤੌਰ ਉਤੇ ਕੰਮ ਕੀਤਾ ਅਤੇ ਪੰਜ ਸਾਲ ਸੰਯੁਕਤ ਰਾਸ਼ਟਰ ਦੀ ਭੋਜਨ ਅਤੇ ਖੇਤੀ ਸੰਸਥਾ ਵਿੱਚ ਕੰਮ ਕੀਤਾ । ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਉਪ-ਕੁਲਪਤੀ ਰਹੇ । ਇਸੇ ਤਰ੍ਹਾਂ ਉਹ ਪੰਜਾਬ ਦੀ ਕੇਂਦਰੀ ਯੂਨੀਵਰਸਿਟੀ ਦੇ ਚਾਂਸਲਰ ਵੀ ਰਹੇ । ਭਾਰਤ ਸਰਕਾਰ ਨੇ 1987 ਵਿੱਚ ਖੇਤੀ ਲਾਗਤ ਮੁੱਲ ਕਮਿਸ਼ਨ ਦਾ ਚੇਅਰਮੈਨ ਬਣਾਇਆ । ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਆਪਣੇ ਯੋਜਨਾ ਬੋਰਡ ਦਾ ਉਪ-ਚੇਅਰਮੈਨ ਬਣਾਇਆ ਅਤੇ ਕੈਬਨਿਟ ਮੰਤਰੀ ਦਾ ਦਰਜਾ ਦਿੱਤਾ । ਖੇਤੀ ਵਿਕਾਸ ਵਿੱਚ ਪਾਏ ਉਨ੍ਹਾਂ ਦੇ ਯੋਗਦਾਨ ਨੂੰ ਮੁੱਖ ਰੱਖਦਿਆਂ ਹੋਇਆਂ ਭਾਰਤ ਸਰਕਾਰ ਨੇ 2006 ਵਿਚ ਪਦਮ ਭੂਸ਼ਣ ਸਨਮਾਨ ਨਾਲ ਸਨਮਾਨਿਆ ।

ਖੇਤੀ ਵਿਕਾਸ ਨੂੰ ਸਮਰਪਿਤ - ਡਾ. ਗੁਰਚਰਨ ਸਿੰਘ ਕਾਲਕਟ

ਡਾ. ਗੁਰਚਰਨ ਸਿੰਘ ਕਾਲਕਟ ਦੀ ਪੰਜਾਬ ਦੇ ਖੇਤੀ ਵਿਕਾਸ ਵਿਚ ਅਹਿਮ ਭੂਮਿਕਾ ਹੈ । ਉਨ੍ਹਾਂ ਨੇ 1947 ਵਿੱਚ ਲਾਇਲਪੁਰ ਦੇ ਖੇਤੀ ਕਾਲਜ ਤੋਂ ਡਿਗਰੀ ਪ੍ਰਾਪਤ ਕੀਤੀ ਤੇ ਖੇਤੀ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ । ਉਹ ਪੰਜਾਬ ਕਿਸਾਨ ਕਮਿਸ਼ਨ ਦੇ ਮੋਢੀ ਚੇਅਰਮੈਨ ਵੀ ਰਹੇ ।

ਉਨ੍ਹਾਂ ਨੇ 1956 ਵਿੱਚ ਐਮ. ਐਸ. ਸੀ.

ਕੀਤੀ । 1957 ਵਿੱਚ ਉਨ੍ਹਾਂ ਨੂੰ ਅਮਰੀਕਾ ਵਿਖੇ ਪੜ੍ਹਾਈ ਲਈ ਰੌਕੀਫੈਲਰ ਫਾਉਂਡੇਸ਼ਨ ਦੀ ਫੈਲੋਸ਼ਿਪ ਮਿਲ ਗਈ । ਉਨ੍ਹਾਂ ਨੇ ਦੋ ਸਾਲਾਂ ਵਿੱਚ ਓਹਾਈਓ ਸਟੇਟ ਯੂਨੀਵਰਸਿਟੀ ਕੋਲੰਬਸ ਤੋਂ ਪੌਦ ਸੁਰੱਖਿਆ ਵਿੱਚ ਪੀਐਚਡੀ ਦੀ ਡਿਗਰੀ ਪ੍ਰਾਪਤ ਕੀਤੀ । ਯੂਨੀਵਰਸਿਟੀ ਨੇ ਉਨ੍ਹਾਂ ਨੂੰ ਸਰਵੋਤਮ ਅੰਤਰਰਾਸ਼ਟਰੀ ਵਿਦਿਆਰਥੀ ਐਲਾਨਿਆ ।

ਅਮਰੀਕਾ ਤੋਂ ਵਾਪਸੀ 'ਤੇ ਉਹ ਖੇਤੀ ਵਿਭਾਗ ਵਿੱਚ ਪਦਉਂਨਤ ਹੋ ਕੇ ਡਿਪਟੀ ਡਾਇਰੈਕਟਰ ਬਣੇ । 1971 ਵਿੱਚ ਉਨ੍ਹਾਂ ਨੂੰ ਵਿਭਾਗ ਦਾ ਮੁਖੀ ਬਣਾਇਆ ਗਿਆ । ਭਾਰਤ ਸਰਕਾਰ ਨੇ 1973 ਵਿੱਚ ਉਨ੍ਹਾਂ ਨੂੰ ਖੇਤੀਬਾੜੀ ਕਮਿਸ਼ਨਰ ਨਿਯੁਕਤ ਕੀਤਾ ।

ਡਾ. ਕਾਲਕਟ ਦੇ ਖੇਤੀ ਵਿਕਾਸ ਲਈ ਕੀਤੇ ਯਤਨਾਂ ਕਾਰਨ ਵਿਸ਼ਵ ਬੈਂਕ ਨੇ ਉਨ੍ਹਾਂ ਨੂੰ ਆਪਣਾ ਸੀਨੀਅਰ ਖੇਤੀ ਮਾਹਿਰ ਬਣਾਇਆ ।

ਪੰਜਾਬ ਵਿੱਚ ਆਈ ਖੇਤੀ ਖੜੋਤ ਨੂੰ ਵੇਖਦਿਆਂ ਸਰਕਾਰ ਨੇ ਉਨ੍ਹਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਵਾਗਡੋਰ ਸੌਂਪੀ । ਉਹ ਅਪ੍ਰੈਲ 1998 ਤੋਂ ਮਾਰਚ 2001 ਤਕ ਯੂਨੀਵਰਸਿਟੀ ਦੇ ਉਪ-ਕੁਲਪਤੀ ਰਹੇ ।

ਭਾਰਤ ਸਰਕਾਰ ਨੇ 1981 ਵਿੱਚ ਉਨ੍ਹਾਂ ਨੂੰ 'ਪਦਮ ਸ੍ਰੀ' ਤੇ 2007 ਵਿੱਚ 'ਪਦਮ ਭੂਸ਼ਣ' ਨਾਲ ਸਨਮਾਨਿਤ ਕੀਤਾ । ਪੀ ਏ ਯੂ ਨੇ ਆਪਣੀ ਆਧੁਨਿਕ ਜੈਵਿਕ ਕੀਟ ਪ੍ਰਬੰਧ ਪ੍ਰਯੋਗਸ਼ਾਲਾ ਦਾ ਨਾਂ ਡਾ. ਗੁਰਚਰਨ ਸਿੰਘ ਕਾਲਕਟ ਪ੍ਰਯੋਗਸ਼ਾਲਾ ਰੱਖਿਆ ਹੈ ਅਤੇ ਪੀਐਚਡੀ ਦੀ ਡਿਗਰੀ ਪ੍ਰਦਾਨ ਕੀਤੀ ।

ਸੰਤ ਸਿਪਾਹੀ ਖੇਤੀ ਵਿਗਿਆਨੀ - ਡਾ. ਖੇਮ ਸਿੰਘ ਗਿੱਲ

ਡਾ. ਖੇਮ ਸਿੰਘ ਗਿੱਲ ਪਹਿਲੀ ਜਨਵਰੀ 1990 ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ-ਕੁਲਪਤੀ ਬਣੇ । ਉਨ੍ਹਾਂ ਖੋਜ ਸਹਾਇਕ ਦੇ ਅਹੁਦੇ ਤੋਂ ਨੌਕਰੀ ਸ਼ੁਰੂ ਕਰਕੇ ਆਪਣੇ ਵਿਭਾਗ ਦੇ ਪ੍ਰੋਫ਼ੈਸਰ ਤੇ ਮੁਖੀ ਬਣੇ । ਇਸ ਪਿੱਛੋਂ ਉਹ ਖੇਤੀਬਾੜੀ ਕਾਲਜ ਦੇ ਡੀਨ, ਡਾਇਰੈਕਟਰ ਖੋਜ ਤੇ ਡਾਇਰੈਕਟਰ ਪਸਾਰ ਸਿੱਖਿਆ ਰਹੇ ।

ਡਾ. ਖੇਮ ਸਿੰਘ ਦਾ ਜਨਮ ਮਾਲਵੇ ਦੇ ਇੱਕ

ਪਛੜੇ ਇਲਾਕੇ ਦੇ ਆਮ ਕਿਸਾਨ ਪਰਿਵਾਰ ਵਿੱਚ ਹੋਇਆ । ਪ੍ਰਾਇਮਰੀ ਸਕੂਲ ਜਾਣ ਦੇ ਨਾਲ-ਨਾਲ ਘਰ ਦੇ ਕੰਮ ਵੀ ਕਰਨੇ ਪੈਂਦੇ ਸਨ । ਦੱਸਵੀਂ ਤਕ ਦੀ ਪੜ੍ਹਾਈ ਉਨ੍ਹਾਂ ਨੇ ਚੰਗੇ ਨੰਬਰ ਲੈ ਕੇ ਵਜ਼ੀਫੇ ਨਾਲ ਪਾਸ ਕੀਤੀ । ਦੱਸਵੀਂ ਤੋਂ ਪਿੱਛੋਂ ਉਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਖੇਤੀਬਾੜੀ ਕਾਲਿਜ ਲੁਧਿਆਣਾ ਵਿਖੇ ਪੜ੍ਹਾਈ ਕੀਤੀ । ਉਚੇਰੀ ਪੜ੍ਹਾਈ ਲਈ ਅਮਰੀਕਾ ਗਏ । ਡਾ. ਖੇਮ ਸਿੰਘ ਦਾ ਬਹੁਤਾ ਕੰਮ ਫ਼ਸਲਾਂ ਦੀਆਂ ਨਵੀਆਂ ਕਿਸਮਾਂ ਵਿਕਸਤ ਕਰਨ ਦਾ ਰਿਹਾ ਹੈ । ਸਭ ਤੋਂ ਵੱਧ ਪ੍ਰਸਿੱਧੀ ਉਨ੍ਹਾਂ ਨੂੰ ਬਾਜਰੇ ਤੇ ਕਣਕ ਬਾਰੇ ਖੋਜ ਕਰਕੇ ਮਿਲੀ ।

ਬਾਜਰੇ ਦੀ ਵੱਧ ਝਾੜ ਦੇਣ ਵਾਲੀ ਪਹਿਲੀ ਦੋਗਲੀ ਕਿਸਮ ਐਚ ਬੀ-1 ਨੂੰ ਜਦੋਂ ਬਿਮਾਰੀ ਲੱਗ ਗਈ ਤਾਂ ਡਾ. ਗਿੱਲ ਨੇ ਬਾਜਰੇ ਦੀਆਂ ਦੋ ਹੋਰ ਨਵੀਆਂ ਕਿਸਮਾਂ ਪੀ ਬੀ ਐਚ-10 ਤੇ ਪੀ ਬੀ ਐਚ-14 ਵਿਕਸਤ ਕੀਤੀਆਂ, ਜਿਹੜੀਆਂ ਇਸ ਰਿਮਾਰੀ ਦਾ ਟਾਕਰਾ ਕਰ ਸਕਦੀਆਂ ਸਨ । ਉਨ੍ਹਾਂ ਨੇ ਕਣਕ ਦੀ ਕਿਸਮ ਪੀ ਬੀ ਡਬਲਯੂ-711 ਵਿਕਸਿਤ ਕੀਤੀ ਜਿਸ ਨੂੰ ਭਾਰਤ ਤੇ ਗਵਾਂਢੀ ਦੇਸ਼ਾਂ ਵਿੱਚ ਪ੍ਰਸਿੱਧੀ ਮਿਲੀ । ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਭੂਸ਼ਣ ਨਾਲ ਸਨਮਾਨਿਆ । ਉਨ੍ਹਾਂ ਨੇ ਵੱਖ-ਵੱਖ ਫ਼ਸਲਾਂ ਦੀਆਂ 50 ਤੋਂ ਵੱਧ ਕਿਸਮਾਂ ਵਿਕਸਤ ਕੀਤੀਆਂ । ਸੇਵਾ ਮੁਕਤੀ ਪਿੱਛੋਂ ਉਨ੍ਹਾਂ ਨੇ ਆਪਣੇ ਗੁਰਭਾਈ ਤੇ ਕਾਲਜ ਦੇ ਸਾਥੀ ਬਾਬਾ ਇਕਬਾਲ ਸਿੰਘ ਦੀ ਅਗਵਾਈ ਹੇਠ ਪੰਜਾਬ ਵਿੱਚ ਵਿਦਿਅਕ ਲਹਿਰ ਸ਼ੁਰੂ ਕੀਤੀ । ਉਨ੍ਹਾਂ ਨੇ ਅਜਿਹੇ ਸਕੂਲ ਸਥਾਪਿਤ ਕੀਤੇ ਜਿਥੇ ਬੱਚਿਆਂ ਦਾ ਸਰਬਪੱਖੀ ਵਿਕਾਸ ਹੋਵੇ । ਪਹਿਲਾ ਸਕੂਲ ਅਕਾਲ ਅਕੈਡਮੀ ਦੇ ਨਾਂ ਹੇਠ ਬੜੂ ਸਾਹਿਬ ਵਿਖੇ ਖੋਲ੍ਹਿਆ ਗਿਆ । ਹੁਣ ਇਸ ਥਾਂ ਇਟਰਨਲ ਯੂਨੀਵਰਸਿਟੀ ਬਣ ਚੁੱਕੀ ਹੈ । ਪੰਜਾਬ, ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਵਿਖੇ ਅਕਾਲ ਅਕੈਡਮੀਆਂ ਦੀ ਗਿਣਤੀ 130 ਹੋ ਗਈ ਹੈ । ਇਸੇ ਲਹਿਰ ਅਧੀਨ ਦੂਜੀ ਯੂਨੀਵਰਸਿਟੀ ਦਮਦਮਾ ਸਾਹਿਬ ਵੀ ਸ਼ੁਰੂ ਕੀਤੀ ਗਈ ।

(ਚੱਲਦਾ)

ਬਰਸਾਤ ਦੇ ਮੌਸਮ ਵਿੱਚ ਡੇਅਰੀ ਪਸ਼ੂਆਂ ਦੀ ਸਾਂਭ-ਸੰਭਾਲ

ਆਮ ਤੌਰ ’ਤੇ ਪੰਜਾਬ ਵਿੱਚ ਬਰਸਾਤ ਦਾ ਮੌਸਮ ਜੁਲਾਈ ਤੋਂ ਸਤੰਬਰ ਤੱਕ ਰਹਿੰਦਾ ਹੈ। ਜੁਲਾਈ-ਸਤੰਬਰ ਦੇ ਮਹੀਨਿਆਂ ਵਿੱਚ ਤਾਪਮਾਨ ਭਾਵੇਂ ਮਈ-ਜੂਨ ਨਾਲੋਂ ਘੱਟ ਹੋ ਜਾਂਦਾ ਹੈ, ਪਰ ਹਵਾ ਵਿੱਚ ਵੱਧ ਨਮੀ ਹੋਣ ਕਰਕੇ ਇਹ ਵਾਲੀ ਗਰਮੀ ਪਸ਼ੂਆਂ ਦੇ ਲਈ ਜ਼ਿਆਦਾ ਹਾਨੀਕਾਰਕ ਹੁੰਦੀ ਹੈ। ਗਰਮੀ ਦੇ ਮੌਸਮ

ਤੋਂ ਬਾਅਦ ਠੰਡੇ ਬਰਸਾਤੀ ਮੌਸਮ ਦੇ ਇਕਦਮ ਬਦਲਾਵ ਕਾਰਨ ਪਸ਼ੂਆਂ ਵਿੱਚ ਵਾਤਾਵਰਣ ਤਣਾਅ ਹੁੰਦਾ ਹੈ ਜੋ ਕਿ ਪਸ਼ੂਆਂ ਦੇ ਦੁੱਧ ਉਤਪਾਦਨ, ਪ੍ਰਜਨਣ, ਸਰੀਰਕ ਵਾਧੇ ਅਤੇ ਖੁਰਾਕ ਖਾਣ ਦੀ ਸਮਰੱਥਾ ਉੱਤੇ ਮਾੜਾ ਪ੍ਰਭਾਵ ਪਾਉਂਦਾ ਹੈ। ਇਸ ਲਈ ਬਰਸਾਤ ਦੇ ਮੌਸਮ ਵਿੱਚ ਪਸ਼ੂਆਂ ਦੀ ਸਾਂਭ-ਸੰਭਾਲ ਬਹੁਤ ਜ਼ਰੂਰੀ ਹੈ।

★ ਤੇਜ਼ ਮੀਂਹ ਪੈਣ ’ਤੇ ਪਸ਼ੂਆਂ ਨੂੰ ਛੱਤ ਹੇਠਾਂ ਰੱਖੋ ਅਤੇ ਵਾੜਿਆਂ ਦੀਆਂ ਚੋਂਦੀਆਂ ਛੱਤਾਂ ਦੀ ਮੁਰੰਮਤ ਕਰਵਾਓ। ਮੀਂਹ ਅਤੇ ਹੜ੍ਹ ਦੇ ਪਾਣੀ ਕਾਰਨ ਪਸ਼ੂਆਂ ਨੂੰ ਛੂਤ ਅਤੇ ਪਰਜੀਵੀ ਰੋਗਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਰਸਾਤਾਂ ਦੌਰਾਨ ਹਵਾ ਵਿੱਚ ਨਮੀ ਦਾ ਪੱਧਰ ਵੱਧ ਜਾਂਦਾ ਹੈ, ਜਿਸ ਕਰਕੇ ਮੱਛਰ, ਮੱਖੀਆਂ ਅਤੇ ਚਿੱਚੜਾਂ ਸਮੇਤ ਪਸ਼ੂਆਂ ਦੇ ਪਰਜੀਵੀਆਂ ਦੀ ਗਿਣਤੀ ਵੱਧ ਜਾਂਦੀ ਹੈ। ਇਹ ਪਸ਼ੂਆਂ ਵਿੱਚ ਸਰ੍ਹਾ, ਥੀਲੇਰੀਏਸਿਸ, ਬੇਬੇਸਿਓਸਿਸ ਅਤੇ ਐਨਾਪਲਾਜਮੋਸਿਸ ਵਰਗੀ ਬਿਮਾਰੀਆਂ ਫੈਲਾਉਂਦੇ ਹਨ। ਲੰਪੀ ਚਮੜੀ ਰੋਗ ਦੀ ਬਿਮਾਰੀ ਵੀ ਮੱਖੀਆਂ ਨਾਲ ਫੈਲਦੀ ਹੈ। ਪਸ਼ੂਆਂ ਦੇ ਵਾੜਿਆਂ ਵਿੱਚ ਚਿੱਚੜਾਂ ’ਤੇ ਕਾਬੂ ਪਾਉਣ ਲਈ ਸ਼ੈੱਡ ਦੀ ਫ਼ਰਸ਼ ਅਤੇ ਕੰਧਾਂ ਵਿੱਚ ਬਣੀਆਂ ਤਰੇੜਾਂ ਜਾਂ ਵਿਰਲਾਂ ਨੂੰ ਭਰ ਦੇਣਾ ਚਾਹੀਦਾ ਹੈ। ਚਿੱਚੜਾਂ ਨੂੰ ਮਾਰਨ ਲਈ ਪਸ਼ੂਆਂ ਦੇ ਮਾਹਿਰਾਂ ਦੀ ਸਲਾਹ ਨਾਲ ਆਇਵਰਮੈਕਟਿਨ (ਟੀਕਾ) ਜਾਂ ਅਮਿਤਰਾਜ (ਸਪਰੇ) ਦੀ ਵਰਤੋਂ ਵੀ ਕਰ ਸਕਦੇ ਹਨ।

★ ਬਰਸਾਤਾਂ ਦੌਰਾਨ ਪਸ਼ੂਆਂ ਨੂੰ ਚਰਾਉਣ ਲਈ ਨਾ ਲੈ ਕੇ ਜਾਓ। ਪਸ਼ੂਆਂ ਨੂੰ ਤਾਜ਼ਾ, ਸਾਫ਼ ਅਤੇ ਪੀਣ ਯੋਗ ਪਾਣੀ ਦਿਓ। ਦੂਸ਼ਿਤ ਪਾਣੀ ਰਾਹੀਂ ਪਸ਼ੂਆਂ ਦੇ ਪੇਟ ਦੇ ਪਰਜੀਵੀ ਵੀ ਫ਼ੈਲ ਸਕਦੇ ਹਨ, ਜਿਹਨਾਂ ਕਰਕੇ ਪਸ਼ੂਆਂ ਵਿੱਚ ਪੀਲੀਆ ਅਤੇ ਮੋਕ ਵਰਗੇ ਲੱਛਣ ਵੇਖਣ ਨੂੰ ਮਿਲ ਸਕਦੇ ਹਨ। ਇਸ ਲਈ ਪਸ਼ੂਆਂ ਨੂੰ ਖੜ੍ਹੇ ਪਾਣੀ ਤੋਂ ਦੂਰ ਰੱਖੋ ਅਤੇ ਸਮੇਂ-ਸਮੇਂ ਸਿਰ ਮਿਲੱਪ/ਕਿਰਮ ਰਹਿਤ (ਡੀਵਰਮਿੰਗ) ਕਰੋ।

★ ਵਾਤਾਵਰਨ ਵਿਚਲੀ ਸਿੱਲ੍ਹ ਕਾਰਨ ਪਸ਼ੂਆਂ ਦੀ ਫ਼ੀਡ, ਤੂੜੀ ਅਤੇ ਸਾਇਲੇਜ (ਅਚਾਰ) ਆਦਿ ਨੂੰ ਉੱਲੀ ਲੱਗ ਸਕਦੀ ਹੈ ਜਿਸ ਕਾਰਨ ਪਸ਼ੂ ਜ਼ਹਿਰਵਾਦ ਦਾ ਸ਼ਿਕਾਰ ਹੋ ਸਕਦੇ ਹਨ। ਪਸ਼ੂਆਂ ਦੀ ਖੁਰਾਕ ਨੂੰ ਸਿੱਲ੍ਹ ਤੋਂ ਬਚਾਉਣ ਲਈ ਵੀ ਉਪਰਾਲੇ ਕਰਨੇ ਚਾਹੀਦੇ ਹਨ। ਹਰੇ ਚਾਰੇ ਅਤੇ ਸੰਤੁਲਿਤ ਖੁਰਾਕ ਦੀ ਕਮੀ ਕਾਰਨ ਪਸ਼ੂਆਂ ਦਾ ਰੱਖਿਆ-ਤੰਤਰ ਕਮਜ਼ੋਰ ਪੈ ਜਾਂਦਾ ਹੈ। ਧਾਤਾਂ ਦੇ ਚੂਰੇ (ਮਿਨਰਲ ਮਿਕਸਚਰ) ਦੀ ਵਰਤੋਂ ਨਾਲ ਪਸ਼ੂਆਂ ਦੀ ਰੋਗਾਂ ਨਾਲ ਲੜਨ ਦੀ ਤਾਕਤ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ। ਸੜਿਆ-ਗਲਿਆ ਚਾਰਾ ਵਰਤਣ ਤੋਂ ਗੁਰੇਜ ਕਰੋ। ਜੇਕਰ ਹਰਾ ਚਾਰਾ ਸਾਇਲੇਜ ਵਜੋਂ ਸੰਭਾਲ ਕੇ ਰੱਖਿਆ ਹੋਵੇ ਤਾਂ ਇਹ ਧਿਆਨ ਰਖੋ ਕਿ ਮੀਂਹ ਦਾ ਪਾਣੀ ਟੋਏ ਵਿੱਚ ਨਾ ਵੜ ਜਾਵੇ ਨਹੀਂ ਤਾਂ ਸਾਰਾ ਅਚਾਰ ਗਲ ਕੇ ਖਰਾਬ ਹੋ ਜਾਵੇਗਾ। ਜਿੱਥੇ ਉੱਲੀ ਜਾਂ ਮਾਈਕੋਟੌਕਸਿਨ ਦਾ ਖਤਰਾ ਹੋਵੇ, ਉੱਥੇ ਪਸ਼ੂਆਂ ਦੇ ਮਾਹਿਰਾਂ ਦੀ ਸਲਾਹ ਅਨੁਸਾਰ ਟੌਕਸਿਨ ਬਾਈਂਡਰ (Toxin binder) ਦੀ ਵਰਤੋਂ ਕਰਨੀ ਚਾਹੀਦੀ ਹੈ।

★ ਪਸ਼ੂਆਂ ਦੇ ਵਾੜੇ ਅੰਦਰ ਸਫਾਈ ਰੱਖੋ ਅਤੇ ਪਾਣੀ ਨਾ ਖੜ੍ਹਨ ਦਿਓ। ਸ਼ੈੱਡ ਆਮ ਜ਼ਮੀਨ ਤੋਂ 2 ਫੁੱਟ ਉੱਚਾ ਰੱਖੋ ਤਾਂ ਕਿ ਉਸ ਵਿੱਚ ਬਾਹਰੋਂ ਮੀਂਹ ਦਾ ਪਾਣੀ ਅੰਦਰ ਨਾ ਆ ਸਕੇ ਅਤੇ ਅੰਦਰੋਂ ਮਲਮੂਤਰ ਦਾ ਨਿਕਾਸ ਸੁਚਾਰੂ ਢੰਗ ਨਾਲ ਹੋਵੇ। ਗਿੱਲੇ ਥਾਂ ਵਿੱਚ ਖੜ੍ਹੇ ਰਹਿਣ ਕਾਰਨ ਪਸ਼ੂਆਂ ਦੇ ਖੁਰਾਂ ਦਾ ਗਲਣਾ ਸ਼ੁਰੂ ਹੋ ਜਾਂਦਾ ਹੈ ਜਿਸ ਨਾਲ ਪਸ਼ੂਆਂ ਵਿੱਚ ਲੰਗੜਾਪਣ ਦੀ ਸਮੱਸਿਆ ਸ਼ੁਰੂ ਹੋ ਸਕਦੀ ਹੈ। ਪਸ਼ੂਆਂ ਦੇ ਖੁਰਾਂ ਨੂੰ 5 ਪ੍ਰਤੀਸ਼ਤ ਫ਼ਾਰਮਾਲਿਨ ਦੇ ਘੋਲ ਵਿੱਚ ਡੋਬਾ ਦੇਣ ਨਾਲ ਖੁਰਾਂ ਦੇ ਗਲਣ ਨੂੰ ਰੋਕਿਆ ਜਾ ਸਕਦਾ ਹੈ। ਵਾੜਿਆਂ ਵਿੱਚ ਨਮੀ ਵਧਣ ਕਾਰਨ ਪਸ਼ੂਆਂ ਨੂੰ ਗੱਲ-ਘੋਟੂ ਦੀ ਬਿਮਾਰੀ ਅਤੇ ਬਨੈਲਾ ਰੋਗ ਵੀ ਹੋ ਸਕਦਾ ਹੈ। ਦੁੱਧ ਦੀ ਚੁਆਈ ਤੋਂ ਬਾਅਦ ਥਣਾਂ ਨੂੰ ਬੀਟਾਡੀਨ ਅਤੇ ਗਲਿਸਰੀਨ ਤੇ 3:1 ਅਨੁਪਾਤ ਦੇ ਘੋਲ ਵਿੱਚ ਡੋਬਾ ਦੇਣਾ ਚਾਹੀਦਾ ਹੈ।

★ ਦੁਧਾਰੂ ਪਸ਼ੂਆਂ ਵਿੱਚ ਨਮੀ ਵਾਲੀ ਗਰਮੀ ਕਰਕੇ ਹੱਫਣ ਕਾਰਨ ਲਾਰ ਦੇ ਘੱਟੇ ਬਫਰੀਕਰਨ ਨੂੰ ਸੰਤੁਲਿਤ ਕਰਨ ਲਈ ਸੋਡੀਅਮ ਬਾਇਕਾਰਬੋਨੇਟ (Buffer) ਵੱਧ ਤੋਂ ਵੱਧ 1 ਪ੍ਰਤੀਸ਼ਤ ਖੁਰਾਕ ਵਿੱਚ ਮਿਲਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਖੁਰਾਕ ਵਿੱਚ ਖਮੀਰ (Yeast) ਅਤੇ ਖਣਿਜ ਦੱਤ (Mineral mixture) ਮਿਲਾ ਕੇ ਦੁਧਾਰੂ ਪਸ਼ੂਆਂ ਦੀ ਸ਼ਕਤੀ ਨੂੰ ਵਧਾਇਆ ਜਾ ਸਕਦਾ ਹੈ। ਇਲੈਕਟਰੋਲਾਈਟ (Electrolytes) ਤੇ ਲੂਣ (Salt) ਦੀ ਪੀਣ ਵਾਲੇ ਪਾਣੀ ਜਾਂ ਖੁਰਾਕ ਵਿੱਚ ਮਿਲਾ ਕੇ ਪਸ਼ੂਆਂ ਨੂੰ ਨਿਰਜਲੀਕਰਨ ਦੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ।

★ ਬਰਸਾਤਾਂ ਤੋਂ ਪਹਿਲਾਂ ਪਸ਼ੂਆਂ ਨੂੰ ਲੰਪੀ ਚਮੜੀ ਰੋਗ, ਗੱਲ-ਘੋਟੂ, ਬਲੈਕ ਕੁਆਰਟਰ/ਪੱਟ ਸੋਜਾ ਵਰਗੀਆਂ ਬਿਮਾਰੀਆਂ ਤੋਂ ਬਚਾਉਣ ਲਈ ਪਸ਼ੂਆਂ ਦੇ ਮਾਹਿਰਾਂ ਦੀ ਸਲਾਹ ਅਨੁਸਾਰ ਟੀਕਾਕਰਣ ਜ਼ਰੂਰ ਕਰਵਾਓ।

ਕੰਵਰਪਾਲ ਸਿੰਘ ਢਿੱਲੋਂ ਅਤੇ ਬਿਕਰਮਜੀਤ ਸਿੰਘ, ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ
ਮੋਬਾਇਲ : 99156-78787

ਵਰਖਾ ਰੁੱਤ ਵਿੱਚ ਟਮਾਟਰ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਪਨੀਰੀ ਲਗਾਓ

ਦਲਪ੍ਰੀਤ ਤਲਵਾੜ ਅਤੇ ਸੈਲੇਸ਼ ਕੁਮਾਰ ਜਿੰਦਲ, ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 95927-72123)

ਸਬਜ਼ੀ ਦੀ ਪਨੀਰੀ ਉਗਾਉਣ ਦੇ ਕਈ ਢੰਗ ਹਨ ਜਿਵੇਂ ਕਿ ਖੇਤ ਵਿੱਚ ਸਬਜ਼ੀ ਦੀ ਪਨੀਰੀ ਉਗਾਉਣਾ ਜਾਂ ਪਲੱਗ ਟਰੇਆਂ ਵਿੱਚ ਸਬਜ਼ੀ ਉਗਾਉਣਾ। ਸਬਜ਼ੀਆਂ ਦੀ ਪਨੀਰੀ ਨੂੰ ਵਪਾਰਕ ਪੱਧਰ ਤੇ ਵੀ ਉਗਾਇਆ ਜਾ ਸਕਦਾ ਹੈ ਅਤੇ ਘਰੇਲੂ ਜਾਂ ਆਪਣੇ ਖੇਤ ਲਈ ਵੀ ਉਗਾਇਆ ਜਾਂਦਾ ਹੈ।

ਪਨੀਰੀ ਉਗਾਉਣ ਦੇ ਕੁਝ ਲਾਭ :-

★ ਥੋੜ੍ਹੀ ਜਗ੍ਹਾ ਵਿੱਚ ਪਨੀਰੀ ਉਗਾ ਕੇ ਉਸਦੀ ਵਧੀਆ ਢੰਗ ਨਾਲ ਪੈਦਾਵਾਰ ਕੀਤੀ ਜਾ ਸਕਦੀ ਹੈ।

★ ਪਨੀਰੀ ਉਗਾਉਣ ਲਈ ਅਨੁਕੂਲ ਵਾਤਾਵਰਨ ਥੋੜ੍ਹੀ ਜਗ੍ਹਾ ਵਿੱਚ ਆਸਾਨੀ ਨਾਲ ਰੱਖ ਸਕਦੇ ਹਾਂ।

★ ਪਲੱਗ ਟਰੇਅ ਜਾਂ ਪੋਲੀਥੀਨ ਲਿਫਾਫੇ ਵਿੱਚ ਸਬਜ਼ੀਆਂ ਦੀ ਬੇ-ਮੌਸਮੀ ਅਤੇ ਅਗੇਤੀ ਪਨੀਰੀ ਤਿਆਰ ਕੀਤੀ ਜਾ ਸਕਦੀ ਹੈ।

★ ਪਨੀਰੀ ਵਿੱਚ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੀ ਅਸਾਨੀ ਨਾਲ ਰੋਕਥਾਮ ਹੋ ਸਕਦੀ ਹੈ।

★ ਜ਼ਮੀਨ, ਪਾਣੀ ਅਤੇ ਖਾਦਾਂ ਦੀ ਉੱਚਿਤ ਵਰਤੋਂ ਨਾਲ ਪੌਦ ਤਿਆਰ ਕਰ ਸਕਦੇ ਹਾਂ।

★ ਪਨੀਰੀ ਨੂੰ ਆਪ ਤਿਆਰ ਕਰਕੇ ਘੱਟ ਖਰਚੇ ਵਿੱਚ ਤਿਆਰ ਕੀਤਾ ਜਾ ਸਕਦਾ ਹੈ।

★ ਅੱਜ-ਕੱਲ ਸਬਜ਼ੀਆਂ ਦੀ ਪਨੀਰੀ ਉਗਾ ਕੇ ਵਧੀਆ ਮੁਨਾਫਾ ਵੀ ਕਮਾਇਆ ਜਾ ਸਕਦਾ ਹੈ।

ਵਰਖਾ ਰੁੱਤ ਦੇ ਟਮਾਟਰ ਦੀ ਪਨੀਰੀ ਜੁਲਾਈ ਦੇ ਅੱਧ ਵਿੱਚ ਬੀਜੀ ਜਾਂਦੀ ਹੈ ਅਤੇ ਅਗਸਤ ਦੇ ਅੱਧ ਵਿੱਚ ਇਸ ਨੂੰ ਖੇਤ ਵਿੱਚ ਪੁੱਟ ਕੇ ਲਾਇਆ ਜਾਂਦਾ ਹੈ। ਜਦਕਿ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਪਨੀਰੀ ਨੂੰ ਪਲੱਗ ਟਰੇਅ ਵਿੱਚ ਲਾਇਆ ਜਾਂਦਾ ਹੈ। ਵਰਖਾ ਰੁੱਤ ਦੇ ਵਿੱਚ ਸਿਰਫ ਉਹੀ ਕਿਸਮਾਂ ਲੱਗਦੀਆਂ ਹਨ ਜਿਹੜੀਆਂ ਕਿ ਵਿਸ਼ਾਣੂੰ ਰੋਗ ਨੂੰ ਸਹਾਰ ਸਕਦੀਆਂ ਹਨ। ਕੱਦੂ ਜਾਤੀ ਦੀਆਂ ਸਬਜ਼ੀਆਂ ਜਿਵੇਂ ਕਿ ਹਲਵਾ ਕੱਦੂ ਦੀ ਕਿਸਮ ਪੰਜਾਬ ਨਵਾਬ, ਕਰੇਲੇ ਦੀ ਕਿਸਮ ਪੰਜਾਬ ਕਰੇਲਾ-15, ਤੋਰੀਆਂ ਦੀਆਂ ਦੋਗਲੀਆਂ ਕਿਸਮਾਂ ਪੀ ਐਸ ਜੀ ਐਚ-1, ਪੀ ਐਸ ਜੀ ਐਚ-2, ਤੋਰੀ ਦੀ ਉੱਤਮ ਕਿਸਮ-ਪੰਜਾਬ ਨਿਖਾਰ ਅਤੇ ਘੀਆ ਕੱਦੂ ਦੀਆਂ ਕਿਸਮਾਂ ਪੰਜਾਬ ਕੋਮਲ, ਪੰਜਾਬ ਬਰਕਤ, ਪੰਜਾਬ ਉੱਨਤ, ਪੰਜਾਬ ਮਲੂਕ ਦੀ ਪਨੀਰੀ ਨੂੰ ਪਲੱਗ ਟ੍ਰੇ ਦੇ ਵਿੱਚ ਜੁਲਾਈ ਦੇ ਮਹੀਨੇ ਵਿੱਚ ਲਗਾ ਕੇ ਅਗਸਤ ਵਿੱਚ ਇਸ ਨੂੰ ਖੇਤ ਵਿੱਚ ਲਗਾ ਸਕਦੇ ਹਾਂ ਇਸ ਤਰ੍ਹਾਂ ਕਰਨ ਨਾਲ ਸਿਹਤਮੰਦ ਪਨੀਰੀ ਪੈਦਾ ਹੋ ਜਾਂਦੀ ਹੈ ਜੋ ਕਿ ਬਿਮਾਰੀਆਂ ਤੇ ਕੀੜੇ ਮਕੌੜਿਆਂ ਤੋਂ ਰਹਿਤ ਹੁੰਦੀ ਹੈ।

ਪਨੀਰੀ ਲਗਾਉਣ ਲਈ ਸਹੀ ਜਗ੍ਹਾ ਦੀ ਚੋਣ : ਪਨੀਰੀ ਹਮੇਸ਼ਾ ਉਸ ਜਗ੍ਹਾ ਲਗਾਓ ਜਿੱਥੇ ਸੂਰਜ ਦੀ ਰੋਸ਼ਨੀ ਪੈਂਦੀ ਹੋਵੇ, ਪਾਣੀ ਦਾ ਪ੍ਰਬੰਧ ਹੋਵੇ, ਮਿੱਟੀ ਵਿੱਚ ਰੋੜੇ ਜਾਂ ਕੰਕਰ ਨਾ ਹੋਣ ਅਤੇ ਪਾਣੀ ਦੇ ਨਿਕਾਸ ਦਾ ਉੱਚਿਤ ਪ੍ਰਬੰਧ ਹੋਵੇ ਅਤੇ ਮਿੱਟੀ ਦਾ ਤੇਜ਼ਾਬੀ ਮਾਦਾ 6.5-7.0 ਹੋਵੇ ਅਤੇ ਨਾਲ ਕੋਈ ਕੰਧ ਜਾਂ ਛਾਂਦਾਰ ਦਰੱਖਤ ਨਾ ਹੋਵੇ। ਪੌਦੇ ਨੂੰ ਆਵਾਰਾ ਜਾਨਵਰਾਂ ਤੋਂ ਬਚਾਉਣ ਲਈ ਵਾੜ ਕਰਨੀ ਬਹੁਤ ਜ਼ਰੂਰੀ ਹੈ।

ਪਨੀਰੀ ਉਗਾਉਣ ਦੀ ਵਿਧੀ : ਟਮਾਟਰ ਦੀ ਪਨੀਰੀ ਉਗਾਉਣ ਲਈ ਅੱਧਾ ਫੁੱਟ ਉੱਚਾ, 3-4 ਫੁੱਟ ਚੌੜਾ ਅਤੇ 12-15 ਫੁੱਟ ਲੰਬਾ ਬੈੱਡ ਬਣਾਓ। ਹਮੇਸ਼ਾ ਪਨੀਰੀ ਦੇ ਬੈੱਡ ਨੂੰ ਪੂਰਬ-ਪੱਛਮ ਦਿਸ਼ਾ ਵਿੱਚ ਬਣਾਓ। ਪਨੀਰੀ ਬੀਜਣ ਤੋਂ ਪਹਿਲਾਂ ਬੈੱਡ ਉੱਪਰ 2 ਕੁਇੰਟਲ ਗਲੀ ਸੜੀ ਰੂੜੀ (150 ਵਰਗ ਫੁੱਟ ਜਗ੍ਹਾ ਲਈ) ਚੰਗੀ ਤਰ੍ਹਾਂ ਰਲਾ ਦਿਉ।

ਬੈੱਡ ਬਣਾਉਣ ਤੋਂ ਬਾਅਦ ਮਿੱਟੀ ਉੱਪਰ ਫੋਰਮਾਲੀਨ ਜਾਂ ਫੋਰਮੈਲੇਡੋਰਾਈਡ (4 ਮਿ.ਲਿ. ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ) ਦਾ ਛਿੜਕਾਅ ਕਰੋ ਤਾਂ ਜੋ ਉੱਪਰ ਵਾਲੀ 6 ਇੰਚ ਮਿੱਟੀ ਪੂਰੀ ਤਰ੍ਹਾਂ ਗਿੱਲੀ ਹੋ ਜਾਵੇ। ਛਿੜਕਾਅ ਕਰਨ ਤੋਂ ਬਾਅਦ ਬੈੱਡ ਉੱਪਰ (100 ਗੇਜ) ਪਲਾਸਟਿਕ ਦੀ ਸ਼ੀਟ ਵਿਛਾ ਕੇ ਦਬਾ ਦਿਉ ਤਾਂ ਜੋ ਫੋਰਮਾਲੀਨ ਜਾਂ ਫੋਰਮੈਲਡੈਰਾਈਡ ਦਵਾਈ ਦੇ ਅੰਸ਼ ਬੈੱਡ ਵਿੱਚੋਂ ਬਾਹਰ ਹਵਾ ਵਿੱਚ ਨਾ ਉੱਡ ਜਾਣ। ਇਸ ਉਪਰੰਤ 72 ਘੰਟੇ ਬਾਅਦ ਪਲਾਸਟਿਕ ਸ਼ੀਟ ਨੂੰ ਹਟਾ ਕੇ ਬੈੱਡ ਉਪਰਲੀ ਮਿੱਟੀ ਨੂੰ ਕਹੀ ਨਾਲ ਪੋਲਾ ਕਰੋ। ਤਾਂ ਜੋ ਹੇਠਲੀ ਸਤਹਿ ਵਿੱਚ ਪਏ ਫੋਰਮਾਲੀਨ ਜਾਂ ਫੋਰਮੈਲਡੋਰਾਈਡ ਦਵਾਈ ਦੇ ਅੰਸ਼ ਬਾਹਰ ਉੱਡ ਜਾਣ ਅਤੇ ਬੀਜ ਦੇ ਪੁੰਗਰਨ ਨੂੰ ਫਰਕ ਨਾ ਪਾਉਣ।

ਬਿਜਾਈ ਤੋਂ ਪਹਿਲਾਂ, ਬੈੱਡ ਉੱਪਰ 2 ਇੰਚ ਡੂੰਘੀਆਂ ਲਾਇਨਾਂ ਲਗਾਉ ਤਾਂ ਜੋ ਬਿਜਾਈ ਸਹੀ ਢੰਗ ਨਾਲ ਹੋ ਸਕੇ। ਬੀਜਣ ਸਮੇਂ ਬੀਜ ਨੂੰ ਉਲੀਨਾਸ਼ਕ ਬਿਮਾਰੀਆਂ ਤੋਂ ਬਚਾਉਣ ਲਈ ਕੈਪਟਾਨ ਜਾਂ ਥੀਰਮ ਦੇ ਨਾਲ ਸੋਧੋ ਜੋ ਕਿ 2.5-3 ਗ੍ਰਾਮ ਪ੍ਰਤੀ ਕਿਲੋ ਮਿਕਦਾਰ ਦੇ ਹਿਸਾਬ ਨਾਲ ਹੋਵੇ।

ਬੀਜ ਨੂੰ ਹਮੇਸ਼ਾਂ ਪਹਿਲਾਂ ਤੋਂ ਮਾਰੀਆਂ ਹੋਈਆਂ ਲਾਈਨਾਂ ਵਿੱਚ 1-2 ਸੈਂਟੀਮੀਟਰ ਡੂੰਘਾ ਬੀਜ ਬੀਜੋ। ਇਸ ਤੋਂ ਬਾਅਦ ਲਾਈਨਾਂ ਉੱਪਰ ਗਲੀ ਸੜੀ ਰੂੜੀ ਪਾ ਦਿਓ ਤਾਂ ਜੋ ਬੀਜ ਢੱਕਿਆ ਜਾਵੇ। ਬੀਜੇ ਹੋਏ ਬੀਜ ਨੂੰ ਫੁਹਾਰੇ ਨਾਲ ਪਾਣੀ ਦਿਉ ਤਾਂ ਜੋ ਬੀਜ ਵਿੱਚ ਨਮੀਂ ਬਣੀ ਰਹੇ।

ਪਲੱਗ ਟਰੇਅ ਵਿੱਚ ਜਾਣ ਦੀ ਵਿਧੀ : ਬੇਮੌਸਮੀ ਪਨੀਰੀ (ਅਗੇਤੇ ਜਾਂ ਪਿਛੇਤੀ) ਪੈਦਾ ਕਰਨ ਲਈ ਪਲੱਗ ਟਰੇਅ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਵਿਧੀ ਨੂੰ ਕੱਦੂ ਜਾਤੀ ਦੀ ਪਨੀਰੀ ਲਈ ਵਰਤਿਆ ਜਾਂਦਾ ਹੈ। ਪਨੀਰੀ ਉਗਾਉਣ ਲਈ, ਕੋਕੋਪੀਟ (ਨਾਰੀਅਲ ਦਾ ਬੁਰਾਦਾ), ਪਰਲਾਈਟ ਅਤੇ ਵਰਮੀਕੁਲਾਇਟ ਨੂੰ 3:1:1 ਦੇ ਹਿਸਾਬ ਨਾਲ ਚੰਗੀ ਤਰ੍ਹਾਂ ਰਲਾ ਕੇ ਪਲੱਗ ਟਰੇਅ ਵਿੱਚ ਪਾ ਕੇ ਪਲੱਗ ਭਰ ਦਿਓ।

ਬਿਜਾਈ ਤੋਂ ਬਾਅਦ ਕੋਕੋਪੀਟ (ਨਾਰੀਅਲ ਦਾ ਬੁਰਾਦਾ), ਪਰਲਾਈਟ ਅਤੇ ਵਰਮੀਕੁਲਾਇਟ ਦੇ ਮਿਸ਼ਰਨ ਨੂੰ ਉੱਪਰ ਪਾਓ ਅਤੇ 8-10 ਟਰੇਆਂ ਨੂੰ ਰੱਖ ਕੇ ਪਲਾਸਟਿਕ ਸ਼ੀਟ ਨਾਲ ਢੱਕ ਦਿਉ ਇਸ ਤਰ੍ਹਾਂ ਕਰਨ ਨਾਲ ਪਲੱਗ ਟਰੇਅ ਦੇ ਅੰਦਰਲਾ ਤਾਪਮਾਨ ਵੱਧ ਜਾਂਦਾ ਹੈ ਅਤੇ ਜਿਸ ਕਾਰਨ ਬੀਜ ਜਲਦੀ ਪੁੰਗਰ ਆਉਂਦਾ ਹੈ। ਆਮ ਤੌਰ ਤੇ ਬੀਜ ਪੁੰਗਰਨ ਲਈ 3-10 ਦਿਨ ਦਾ ਸਮਾਂ ਲੈਂਦਾ ਹੈ। ਪਲੱਗ ਟਰੇਅ ਨੂੰ ਹਰ ਰੋਜ ਪਾਣੀ ਦਿਉ ਤਾਂ ਜੋ ਸਹੀ ਮਾਤਰਾ ਵਿੱਚ ਪਾਣੀ ਬੀਜ ਨੂੰ ਮਿਲ ਜਾਵੇ। ਬਿਜਾਈ ਤੋਂ ਦੋ ਹਫਤੇ ਬਾਅਦ ਜੇਕਰ ਬੂਟੇ ਹਲਕੇ ਪੀਲੇ ਰੰਗ ਦੇ ਹੋ ਜਾਣ ਜਾਂ ਹੇਠਲੇ ਪੱਤੇ ਪੀਲੇ ਰੰਗ ਦੇ ਹੋ ਜਾਣ ਤਾਂ ਉਸ ਉੱਪਰ ਪਾਣੀ ਵਾਲੀ ਘੁਲਣਸ਼ੀਲ ਖਾਦ (N : P : K, 19 : 19 : 19) ਦਾ ਛਿੜਕਾਅ (2 ਗ੍ਰਾਮ ਪ੍ਰਤੀ ਲੀਟਰ ਪਾਣੀ) ਕਰੋ। ਇਸ ਤਰ੍ਹਾਂ ਬਿਜਾਈ ਕਰਨ ਨਾਲ 3-6 ਹਫਤਿਆਂ ਬਾਅਦ ਪਨੀਰੀ ਖੇਤ ਵਿੱਚ ਲੱਗਣ ਲਈ ਤਿਆਰ ਹੋ ਜਾਂਦੀ ਹੈ।

RNI/42269/83 (PUNPUN00806) Postage Registered No. PB/PTA/0338/2025-2027

ਚਿੱਟੀ ਮੱਖੀ ਦੇ ਹਮਲੇ ਮਗਰੋਂ ਖੇਤੀ ਵਿਭਾਗ ਹਰਕਤ ਵਿੱਚ

ਅਧਿਕਾਰੀਆਂ ਨੇ ਖੇਤਾਂ ਵਿੱਚ ਜਾ ਕੇ ਜਾਇਜ਼ਾ ਲਿਆ

ਪਿੰਡ ਫੱਤਾ ਮਾਲੋਕਾ ਨੇੜੇ ਨਰਮੇ ਦੇ ਖੇਤ ਦਾ ਨਿਰੀਖਣ ਕਰਦੇ ਹੋਏ ਖੇਤੀ ਅਧਿਕਾਰੀ ।

ਮਾਲਵਾ ਖੇਤਰ ਵਿੱਚ ਨਰਮੇ ਉੱਤੇ ਚਿੱਟੀ ਮੱਖੀ ਦੇ ਹਮਲੇ ਦਾ ਮਾਮਲਾ ਪੰਜਾਬ ਸਰਕਾਰ ਦੇ ਖੇਤੀ ਵਿਭਾਗ ਕੋਲ ਪੁੱਜਣ ਤੋਂ ਬਾਅਦ ਬੇਸ਼ੱਕ ਵਿਭਾਗ ਦੇ ਅਧਿਕਾਰੀ ਖੇਤਾਂ ਵਿੱਚ ਜਾਣ ਲੱਗੇ ਹਨ, ਪਰ ਹਾਲੇ ਤੱਕ ਮਹਿਕਮੇ ਵੱਲੋਂ ਫ਼ਸਲ ਨੂੰ ਬਚਾਉਣ ਲਈ ਕਿਸਾਨਾਂ ਕੋਲ ਕੋਈ ਸਬਸਿਡੀ ਵਾਲੀ ਦਵਾਈ ਨਹੀਂ ਪੁੱਜੀ ਹੈ। ਕਿਸਾਨ ਫ਼ਸਲ ਨੂੰ ਬਚਾਉਣ ਲਈ ਕੀਟਨਾਸ਼ਕ ਦਵਾਈਆਂ ਦੀਆਂ ਦੁਕਾਨਾਂ ’ਤੇ ਜਾਣ ਲੱਗੇ ਹਨ ।

ਮਾਲਵਾ ਵਿੱਚ ਇਸ ਵਾਰ ਵੱਡੇ ਪੱਧਰ ’ਤੇ ਨਰਮੇ ਦੀ ਫ਼ਸਲ ਹੇਠਲਾ ਰਕਬਾ ਘੱਟ ਕੇ ਝੋਨੇ ਥੱਲੇ ਚਲਾ ਗਿਆ ਹੈ। ਇਸ ਕਰਕੇ ਖੇਤੀ ਵਿਭਾਗ ਨੂੰ ਪੰਜਾਬ ਸਰਕਾਰ ਵੱਲੋਂ ਸਖਤ ਹਦਾਇਤ ਹੈ ਕਿ ਖੇਤਾਂ ਵਿੱਚ ਖੜ੍ਹੀ ਫ਼ਸਲ ਨੂੰ ਬਚਾਉਣ ਲਈ ਲਗਾਤਾਰ ਕਿਸਾਨਾਂ ਨਾਲ ਰਾਬਤਾ ਬਣਾ ਕੇ ਰੱਖਿਆ ਜਾਵੇ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਡਿਪਟੀ ਕਮਿਸ਼ਨਰਾਂ ਤੋਂ ਇਸ ਸਬੰਧੀ ਬਕਾਇਦਾ ਰਿਪੋਰਟ ਮੰਗ ਲਈ ਗਈ ਹੈ ।

ਸਰਕਾਰ ਦੀ ਹਿਦਾਇਤ ’ਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਮਾਨਸਾ ਦੀ ਜ਼ਿਲ੍ਹਾ ਪੱਧਰੀ ਟੀਮ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਨਰਮੇ ਦੀ ਫ਼ਸਲ ਦਾ ਸਰਵੇਖਣ ਕੀਤਾ ਗਿਆ। ਮੁੱਖ ਖੇਤੀਬਾੜੀ ਅਫਸਰ ਹਰਵਿੰਦਰ ਸਿੰਘ ਸਿੱਧੂ ਵੱਲੋਂ ਤਕਨੀਕੀ ਟੀਮਾਂ ਨਾਲ ਬਲਾਕ ਝੁਨੀਰ ਅਤੇ ਸਰਦੂਲਗੜ੍ਹ ਦੇ ਵੱਖ-ਵੱਖ ਪਿੰਡਾਂ ਜਟਾਣਾ ਕਲਾਂ, ਸਰਦੂਲੇਵਾਲਾ, ਫੱਤਾ ਮਾਲੋਕਾ, ਝੁਨੀਰ ਅਤੇ ਸਾਹਨੇਵਾਲੀ ਵਿੱਚ ਨਰਮੇ ਦੀ ਫ਼ਸਲ ਦਾ ਮੁਆਇਨਾ ਕੀਤਾ ਗਿਆ ।

ਉਨ੍ਹਾਂ ਕਿਸਾਨਾਂ ਨੂੰ ਫ਼ਸਲ ਦਾ ਨਿਯਮਤ ਸਰਵੇਖਣ ਕਰਨ ਅਤੇ ਬਿਨਾਂ ਲੋੜ ਤੋਂ ਕੀਟਨਾਸ਼ਕਾਂ ਦਾ ਛਿੜਕਾਅ ਨਾ ਕਰਨ ਦੀ ਅਪੀਲ ਕੀਤੀ ।

ਉਨ੍ਹਾਂ ਕਿਸਾਨਾਂ ਨੂੰ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਦੇ ਜੀਵਨ ਚੱਕਰ, ਪਛਾਣ, ਨਿਗਰਾਨੀ ਅਤੇ ਏਕੀਕ੍ਰਿਤ ਕੀਟ ਪ੍ਰਬੰਧਨ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ । ਉਨ੍ਹਾਂ ਦੱਸਿਆ ਕਿ ਕੀਟਨਾਸ਼ਕਾਂ ਦਾ ਛਿੜਕਾਅ ਕੇਵਲ ਉਸ ਸਮੇਂ ਹੀ ਕੀਤਾ ਜਾਵੇ, ਜਦੋਂ ਕੀੜਿਆਂ ਦਾ ਹਮਲਾ ਆਰਥਿਕ ਨੁਕਸਾਨ ਦੇ ਪੱਧਰ ਤੋਂ ਵੱਧ ਹੋਵੇ ਅਤੇ ਹਮੇਸ਼ਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀਆਂ ਸਿਫਾਰਿਸ਼ਾਂ ਅਨੁਸਾਰ ਹੀ ਦਵਾਈਆਂ ਦੀ ਵਰਤੋਂ ਕੀਤੀ ਜਾਵੇ ।

ਪੀ. ਏ. ਯੂ. ਨੇ ਰੋਕਥਾਮ ਦੇ ਸੁਝਾਅ ਦਿੱਤੇ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਵੱਲੋਂ ਨਰਮਾ ਪੱਟੀ ਦੇ ਲਗਾਤਾਰ ਕੀਤੇ ਜਾ ਰਹੇ ਸਰਵੇਖਣ ਦੌਰਾਨ ਪਤਾ ਲੱਗਾ ਹੈ ਕਿ ਨਰਮੇ ਦੇ ਕੁਝ ਖੇਤਾਂ ਵਿੱਚ ਚਿੱਟੀ ਮੱਖੀ ਦਾ ਹਮਲਾ ਘੱਟ-ਘੱਟ ਪੱਧਰ (8 ਮੱਖੀ ਪ੍ਰਤੀ ਪੱਤਾ) ਤੋਂ ਉਪਰ ਪਾਇਆ ਗਿਆ ਹੈ । ਕੀਟ ਵਿਗਿਆਨੀ ਡਾ. ਵਿਜੇ ਕੁਮਾਰ ਨੇ ਕਿਸਾਨਾਂ ਨੂੰ ਕਿਹਾ ਕਿ ਚਿੱਟੀ ਮੱਖੀ ਦੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਸ਼ੁਰੂ ਕਰੋ, ਜਦੋਂ ਬੂਟੇ ਦੇ ਉਪਰਲੇ ਹਿੱਸੇ ਵਿੱਚ ਸਵੇਰ ਨੂੰ 10 ਵਜੇ ਤੋਂ ਪਹਿਲਾਂ ਇਸ ਦੀ ਗਿਣਤੀ ਪ੍ਰਤੀ ਪੱਤਾ 6 ਹੋ ਜਾਵੇ। ਇਸ ਦੇ ਸਰਵੇਖਣ ਲਈ ਇੱਕ ਏਕੜ ਖੇਤ ਵਿੱਚੋਂ 10 ਬੂਟਿਆਂ ਦੀ ਚੋਣ ਕਰੋ ਅਤੇ ਇੱਕ ਬੂਟੇ ਦੇ ਉਪਰਲੀ ਛੱਤਰੀ ਦੇ ਤਿੰਨ ਪੱਤਿਆਂ ਤੋਂ ਚਿੱਟੀ ਮੱਖੀ ਦੀ ਗਿਣਤੀ ਕਰੋ । ਜੇ 6 ਚਿੱਟੀ ਮੱਖੀ ਪ੍ਰਤੀ ਪੱਤਾ ਨਜ਼ਰ ਆਵੇ ਤਾਂ ਕੀਟਨਾਸ਼ਕਾਂ ਦਾ ਛਿੜਕਾਅ ਕਰੋ । ਚਿੱਟੀ ਮੱਖੀ ਦੇ ਹਮਲੇ ਹੋਣ ’ਤੇ ਸ਼ੁਰੂਆਤ ਵਿੱਚ 1 ਲੀਟਰ ਨਿੰਬੀਸੀਡੀਨ ਜਾਂ ਅਚੂਕ ਜਾਂ 1200 ਮਿਲੀਲੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਪੀ. ਏ. ਯੂ. ਦੁਆਰਾ ਤਿਆਰ ਕੀਤਾ ਗਿਆ ਨਿੰਮ ਦਾ ਘੋਲ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ, ਕਿਉਂਕਿ ਇਹ ਮਿੱਤਰ ਕੀੜਿਆਂ ਲਈ ਸੁਰੱਖਿਅਤ ਹਨ । ਚਿੱਟੀ ਮੱਖੀ ਦੇ ਬਾਲਗਾਂ ਦੀ ਰੋਕਥਾਮ ਲਈ 200 ਮਿਲੀਲੀਟਰ ਕਲਾਸਟੋ 20 ਡਬਲਯੂ. ਜੀ. (ਪਾਇਰੀਫਲੂਕੀਨਾਜ਼ੋਨ) ਜਾਂ 400 ਮਿਲੀਲੀਟਰ ਸਫੀਨਾ 50 ਡੀ. ਸੀ. (ਅਫਿਡੋਪਾਇਰੋਪਿਨ) ਜਾਂ 60 ਗ੍ਰਾਮ ਓਸ਼ੀਨ 20 ਐਸ. ਜੀ. (ਡਾਇਨੋਟੈਫੂਰਾਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ. ਜੀ. (ਫਲੋਨਿਕਾਮਿਡ) ਜਾਂ 800 ਮਿਲੀਲੀਟਰ ਫੋਸਮਾਈਟ/ਈ-ਮਾਈਟ / ਵਾਲਥੀਆਨ / ਗੋਲਡ ਮਿਟ 50 ਈ. ਸੀ. (ਈਥੀਆਨ) ਦਾ ਛਿੜਕਾਅ ਕਰੋ । ਚਿੱਟੀ ਮੱਖੀ ਦੇ ਬੱਚਿਆਂ (ਨਿੰਫ) ਦੀ ਰੋਕਥਾਮ ਲਈ 500 ਮਿਲੀਲੀਟਰ ਲੈਨੋ 10 ਈ. ਸੀ. (ਪਾਈਰੀਪਰੋਕਸੀਫਿਨ) ਜਾਂ 200 ਮਿਲੀਲੀਟਰ ਓਬਰੇਨ/ਵੋਲਟੇਜ਼ 22.9 ਐਸ. ਸੀ. (ਸਪੈਰੋਮੈਸੀਫਿਨ) ਦਾ ਛਿੜਕਾਅ ਕਰੋ ।

1 ਜੂਨ ਤੋਂ 15 ਜੁਲਾਈ ਤੱਕ ਦੇਸ਼ ਵਿੱਚ ਮੌਸਮੀ ਵਰਖਾ 23 ਫੀਸਦੀ ਘੱਟ

ਦੇਸ਼ ਵਿੱਚ ਦੱਖਣ-ਪੱਛਮੀ ਮਾਨਸੂਨ ਦੌਰਾਨ ਜੁਲਾਈ ਦੇ ਪਹਿਲੇ ਪੰਦਰਵਾੜੇ ਵਿੱਚ ਹੋਈ ਬਿਹਤਰ ਵਰਖਾ ਕਾਰਨ ਮੌਸਮੀ ਵਰਖਾ ਦੀ ਘਾਟ ਵਿੱਚ ਕੁਝ ਕਮੀ ਆਈ ਹੈ, ਪਰ ਹਾਲਾਤ ਅਜੇ ਵੀ ਚਿੰਤਾਜਨਕ ਹਨ। ਭਾਰਤੀ ਮੌਸਮ ਵਿਭਾਗ (ਆਈ. ਐਮ. ਡੀ.) ਦੇ ਤਾਜ਼ਾ ਅੰਕੜਿਆਂ ਅਨੁਸਾਰ 1 ਜੂਨ ਤੋਂ 15 ਜੁਲਾਈ ਤੱਕ ਦੇਸ਼ ਵਿੱਚ ਕੁੱਲ ਮੌਸਮੀ ਵਰਖਾ ਆਮ ਨਾਲੋਂ 23 ਫੀਸਦੀ ਘੱਟ ਦਰਜ ਕੀਤੀ ਗਈ ਹੈ। ਜੂਨ ਦੇ ਅੰਤ ਤੱਕ ਇਹ ਘਾਟ 37 ਫੀਸਦੀ ਸੀ, ਜਿਸ ਵਿੱਚ ਜੁਲਾਈ ਦੇ ਪਹਿਲੇ ਪੱਖ ਦੌਰਾਨ ਹੋਈ ਵਰਖਾ ਨਾਲ ਕੁਝ ਸੁਧਾਰ ਆਇਆ ਹੈ। ਆਈ. ਐਮ. ਡੀ. ਅਨੁਸਾਰ 1 ਜੂਨ ਤੋਂ 15 ਜੁਲਾਈ ਤੱਕ ਦੇਸ਼ ਵਿੱਚ 227 ਮਿਲੀਮੀਟਰ ਵਰਖਾ ਹੋਈ ਹੈ, ਜਦੋਂਕਿ ਇਸ ਸਮੇਂ ਲਈ ਲੰਬੇ ਸਮੇਂ ਦੀ ਔਸਤ (ਐਲ. ਪੀ. ਏ.) 294.2 ਮਿਲੀਮੀਟਰ ਹੈ। ਜੁਲਾਈ ਦੇ ਪਹਿਲੇ 15 ਦਿਨਾਂ ਵਿੱਚ ਦੇਸ਼ ਵਿੱਚ 123.3 ਮਿਲੀਮੀਟਰ ਵਰਖਾ ਹੋਈ, ਜਦੋਂਕਿ ਆਮ ਤੌਰ ’ਤੇ ਇਸ ਅਰਸੇ ਦੌਰਾਨ 128.9 ਮਿਲੀਮੀਟਰ ਮੀਂਹ ਪੈਂਦਾ ਹੈ। ਇਸ ਤਰ੍ਹਾਂ ਇਸ ਅਰਸੇ ਵਿੱਚ ਕੁੱਲ ਘਾਟ ਸਿਰਫ 4 ਫੀਸਦੀ ਰਹੀ, ਜਿਸ ਨਾਲ ਮੌਨਸੂਨ ਨੂੰ ਕੁਝ ਰਾਹਤ ਮਿਲੀ। ਖੇਤੀਬਾੜੀ ਅੰਕੜਿਆਂ ਮੁਤਾਬਕ ਉੱਤਰ-ਪੱਛਮੀ ਭਾਰਤ ਵਿੱਚ 84.1 ਮਿਲੀਮੀਟਰ ਵਰਖਾ ਹੋਈ, ਜੋ ਆਮ ਨਾਲੋਂ 7 ਫੀਸਦੀ ਘੱਟ ਹੈ। ਦੂਜੇ ਪਾਸੇ ਕੇਂਦਰੀ ਭਾਰਤ ਵਿੱਚ ਮੌਨਸੂਨ ਸਭ ਤੋਂ ਮਜ਼ਬੂਤ ਰਿਹਾ। ਓਡੀਸ਼ਾ, ਛੱਤੀਸਗੜ੍ਹ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਗੁਜਰਾਤ ਨੂੰ ਸ਼ਾਮਿਲ ਕਰਨ ਵਾਲੇ ਇਸ ਖੇਤਰ ਵਿੱਚ 189.6 ਮਿਲੀਲੀਟਰ ਵਰਖਾ ਦਰਜ ਕੀਤੀ ਗਈ, ਜੋ ਆਮ 144.7 ਮਿਲੀਮੀਟਰ ਦੇ ਮੁਕਾਬਲੇ 30 ਫੀਸਦੀ ਵੱਧ ਹੈ। ਇਹ ਖੇਤਰ ਦੇਸ਼ ਦਾ ਪ੍ਰਮੁੱਖ ਬਰਸਾਤ-ਆਧਾਰਿਤ ਖੇਤੀਬਾੜੀ ਇਲਾਕਾ ਮੰਨਿਆ ਜਾਂਦਾ ਹੈ । ਇਸਦੇ ਉਲਟ ਦੱਖਣੀ ਭਾਰਤ ਵਿੱਚ ਹਾਲਾਤ ਕਾਫ਼ੀ ਖਰਾਬ ਰਹੇ । ਕੇਰਲ, ਤਾਮਿਲਨਾਡੂ, ਕਰਨਾਟਕ, ਤੇਲੰਗਾਨਾ, ਆਂਧਰਾ ਪ੍ਰਦੇਸ਼ ਅਤੇ ਪੁਡੂਚੇਰੀ ਵਿੱਚ ਸਿਰਫ 61.1 ਮਿਲੀਮੀਟਰ ਵਰਖਾ ਹੋਈ, ਜੋ ਆਮ 94.3 ਮਿਲੀਮੀਟਰ ਦੇ ਮੁਕਾਬਲੇ 35 ਫੀਸਦੀ ਘੱਟ ਹੈ। ਇਸੇ ਤਰ੍ਹਾਂ ਪੂਰਬੀ ਅਤੇ ਉੱਤਰ-ਪੂਰਬੀ ਭਾਰਤ ਵਿੱਚ ਵੀ ਵਰਖਾ ਦੀ 35 ਫੀਸਦੀ ਘਾਟ ਦਰਜ ਕੀਤੀ ਗਈ । ਪੱਛਮੀ ਬੰਗਾਲ, ਬਿਹਾਰ, ਝਾਰਖੰਡ, ਅਸਾਮ ਅਤੇ ਹੋਰ ਉੱਤਰ-ਪੂਰਬੀ ਰਾਜਾਂ ਵਿੱਚ ਆਮ ਨਾਲੋਂ ਕਾਫ਼ੀ ਘੱਟ ਮੀਂਹ ਪਿਆ, ਜਿਸ ਕਾਰਨ ਖੇਤੀਬਾੜੀ ਅਤੇ ਜਲ ਸਰੋਤਾਂ ’ਤੇ ਦਬਾਅ ਬਣਿਆ ਹੋਇਆ ਹੈ । ਮੌਸਮ ਵਿਭਾਗ ਅਨੁਸਾਰ ਬੰਗਾਲ ਦੀ ਖਾੜੀ ਵਿੱਚ ਇੱਕ ਨਵਾਂ ਘੱਟ ਦਬਾਅ ਵਾਲਾ ਖੇਤਰ ਬਣ ਰਿਹਾ ਹੈ, ਜਿਸ ਦੇ ਪ੍ਰਭਾਵ ਨਾਲ ਆਉਣ ਵਾਲੇ ਦਿਨਾਂ ਵਿੱਚ ਪੱਛਮੀ ਬੰਗਾਲ, ਬਿਹਾਰ, ਓੜੀਸਾ, ਪੂਰਬੀ ਉੱਤਰ ਪ੍ਰਦੇਸ਼ ਅਤੇ ਆਂਧਰਾ ਪ੍ਰਦੇਸ਼ ਵਿੱਚ ਚੰਗੀ ਵਰਖਾ ਹੋਣ ਦੀ ਸੰਭਾਵਨਾ ਹੈ । ਹਾਲਾਂਕਿ ਦੇਸ਼ ਦੇ ਹੋਰ ਬਹੁਤ ਸਾਰੇ ਹਿੱਸਿਆਂ ਵਿੱਚ ਮੌਨਸੂਨ ਦੀ ਪੂਰੀ ਤਰ੍ਹਾਂ ਸਰਗਰਮੀ ਵਾਪਸ ਆਉਣ ਤੱਕ ਸੁੱਕੇ ਹਾਲਾਤ ਜਾਰੀ ਰਹਿ ਸਕਦੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਆਉਣ ਵਾਲੇ ਦਿਨਾਂ ਵਿੱਚ ਮੌਨਸੂਨ ਮੁੜ ਤੇਜ਼ੀ ਨਹੀਂ ਫੜਦਾ ਤਾਂ ਵਰਖਾ ਦੀ ਘਾਟ ਦਾ ਸਿੱਧਾ ਅਸਰ ਖਰੀਫ ਫ਼ਸਲਾਂ ਦੀ ਬਿਜਾਈ, ਸਿੰਚਾਈ ਪ੍ਰਬੰਧ ਅਤੇ ਜਲ ਭੰਡਾਰਾਂ ਦੇ ਪੱਧਰ ’ਤੇ ਪੈ ਸਕਦਾ ਹੈ। ਇਸ ਲਈ ਕਿਸਾਨਾਂ ਅਤੇ ਰਾਜ ਸਰਕਾਰਾਂ ਦੀ ਨਜ਼ਰ ਹੁਣ ਮੌਨਸੂਨ ਦੇ ਅਗਲੇ ਦੌਰ ’ਤੇ ਟਿਕੀ ਹੋਈ ਹੈ ।